30-NOV-PAGE-1.qxd 11/29/2023 9:58 PM Page 1

ਵੀਰਵਾਰ, 30 ਨਵੰਬਰ, 2023
15 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 180

# ਨਵਾਂ ਜ਼ਮਾਨਾ

DAILY NAWAN ZAMANA • THURSDAY, 30 NOVEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## 28 ਦਸੰਬਰ ਨੂੰ ਗਜ਼ਟਿਡ ਛੁੱਟੀ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਫਤਿਹਗੜ੍ਹ ਸਾਹਿਬ 'ਚ ਸ਼ਹੀਦੀ ਸਭਾ ਦੇ ਮੱਦੇਨਜ਼ਰ 28 ਦਸੰਬਰ ਨੂੰ ਸੂਬੇ 'ਚ ਸਰਕਾਰੀ ਛੁੱਟੀ ਕਰਨ ਦਾ ਐਲਾਨ ਕੀਤਾ ਹੈ। ਉਸ ਦਿਨ ਸਾਰੇ ਸਰਕਾਰੀ ਦਫਤਰਾਂ, ਬੋਰਡਾਂ, ਨਿਗਮਾਂ ਤੇ ਵਿਦਿਅਕ ਅਦਾਰਿਆਂ 'ਚ ਛੁੱਟੀ ਰਹੇਗੀ। ਇਹ ਛੁੱਟੀ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 ਦੀ ਧਾਰਾ 25 ਦੀ ਵਿਆਖਿਆ ਅਧੀਨ ਵੀ ਐਲਾਨੀ ਗਈ ਹੈ।

## ਪੰਜ ਕਿੱਲੋ ਮੁਫਤ ਅਨਾਜ ਪੰਜ ਸਾਲ ਹੋਰ

**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ 80 ਕਰੋੜ ਗਰੀਬਾਂ ਨੂੰ ਪ੍ਰਤੀ ਮਹੀਨਾ ਪੰਜ ਕਿਲੋ ਮੁਫਤ ਅਨਾਜ ਵੰਡਣ ਵਾਲੀ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਨੂੰ ਪਹਿਲੀ ਜਨਵਰੀ 2024 ਤੋਂ ਅਗਲੇ ਪੰਜ ਸਾਲ ਲਈ ਵਧਾ ਦਿੱਤਾ ਹੈ। ਇਸ ਯੋਜਨਾ 'ਤੇ ਅਗਲੇ ਪੰਜ ਸਾਲ ਤੱਕ 11.8 ਲੱਖ ਕਰੋੜ ਰੁਪਏ ਖਰਚ ਹੋਣਗੇ। ਬੁੱਧਵਾਰ ਕੇਂਦਰੀ ਮੰਤਰੀ ਮੰਡਲ ਦੇ ਮੀਟਿੰਗ ਦੇ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ 16ਵੇਂ ਵਿੱਤ ਆਯੋਗ ਲਈ ਸ਼ਰਤਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

## ਸੁਪਰੀਮ ਕੋਰਟ ਵੱਲੋਂ ਕੇਂਦਰ ਦਾ ਫੈਸਲਾ ਬਰਕਰਾਰ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਦਿੱਲੀ ਦੇ ਮੁੱਖ ਸਕੱਤਰ ਨਰੇਸ਼ ਕੁਮਾਰ ਦੇ ਕਾਰਜਕਾਲ ਨੂੰ ਛੇ ਮਹੀਨੇ ਵਧਾਉਣ ਦੇ ਕੇਂਦਰ ਦੇ ਫੈਸਲੇ ਨੂੰ ਬੁੱਧਵਾਰ ਬਰਕਰਾਰ ਰੱਖਿਆ। ਉਸ ਨੇ ਕਿਹਾ ਕਿ ਮੁੱਖ ਸਕੱਤਰ ਦੀਆਂ ਸੇਵਾਵਾਂ 6 ਮਹੀਨਿਆਂ ਲਈ ਵਧਾਉਣ ਦੇ ਕੇਂਦਰ ਦੇ ਫੈਸਲੇ ਨੂੰ ਕਾਨੂੰਨ ਦੀ ਉਲੰਘਣਾ ਨਹੀਂ ਮੰਨਿਆ ਜਾ ਸਕਦਾ।

## ਚਿੰਤਪੁਰਨੀ ਮੰਦਰ ਕੋਲ ਖਾਲਿਸਤਾਨੀ ਨਾਅਰੇ

**ਸ਼ਿਮਲਾ** : ਹਿਮਾਚਲ ਦੇ ਊਨਾ ਜ਼ਿਲ੍ਹੇ 'ਚ ਮਾਤਾ ਚਿੰਤਪੁਰਨੀ ਮੰਦਰ ਨੇੜੇ ਕੰਧਾਂ 'ਤੇ ਖਾਲਿਸਤਾਨੀ ਨਾਅਰੇ ਲਿਖੇ ਮਿਲੇ ਹਨ। ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਇਲਾਵਾ ਪਾਬੰਦੀਸ਼ੁਦਾ ਜਥੇਬੰਦੀ 'ਸਿੱਖ ਫਾਰ ਜਸਟਿਸ' ਦੇ ਮੁਖੀ ਗੁਰਪਤਵੰਤ ਸਿੰਘ ਪਨੂੰ ਦੀ ਵੀਡੀਓ ਵੀ ਜਨਤਕ ਹੋਈ ਹੈ, ਜਿਸ 'ਚ ਉਹ ਕੰਧਾਂ 'ਤੇ ਲਿਖੇ ਨਾਅਰੇ ਦਿਖਾ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ 1984 ਦੇ ਸਿੱਖ ਦੰਗਿਆਂ 'ਚ ਸ਼ਾਮਲ ਕਾਂਗਰਸੀ ਆਗੂਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਪੁਲਸ ਵੀਡੀਓ ਕਲਿੱਪ ਦੀ ਵੀ ਜਾਂਚ ਕਰ ਰਹੀ ਹੈ।

## ਦੁੱਲੂ ਜੰਮੂ-ਕਸ਼ਮੀਰ ਦੇ ਨਵੇਂ ਮੁੱਖ ਸਕੱਤਰ



**ਜੰਮੂ** : ਸੀਨੀਅਰ ਆਈ ਏ ਐੱਸ ਅਧਿਕਾਰੀ ਅਟਲ ਦੁੱਲੂ ਨੂੰ ਜੰਮੂ-ਕਸ਼ਮੀਰ ਦਾ ਮੁੱਖ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਹ ਅਰੁਣ ਕੁਮਾਰ ਮਹਿਤਾ ਦੀ ਥਾਂ ਲੈਣਗੇ, ਜੋ ਇਸ ਮਹੀਨੇ ਦੇ ਅੰਤ 'ਚ ਸੇਵਾਮੁਕਤ ਹੋਣ ਵਾਲੇ ਹਨ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਹੁਕਮਾਂ ਅਨੁਸਾਰ ਕੇਂਦਰ ਸ਼ਾਸਤ ਪ੍ਰਦੇਸ ਕਾਡਰ ਦੇ 1989 ਬੈਚ ਦੇ ਆਈ ਏ ਐੱਸ ਅਧਿਕਾਰੀ ਦੁੱਲੂ 1 ਦਸੰਬਰ ਤੋਂ ਮੁੱਖ ਸਕੱਤਰ ਵਜੋਂ ਅਹੁਦਾ ਸੰਭਾਲਣਗੇ।

## ਦ੍ਰਾਵਿੜ ਦਾ ਕਰਾਰ ਵਧਿਆ



**ਨਵੀਂ ਦਿੱਲੀ** : ਭਾਰਤੀ ਕ੍ਰਿਕਟ ਬੋਰਡ ਨੇ ਇਕ ਦਿਨਾ ਵਿਸ਼ਵ ਕੱਪ ਵਿਚ ਉਪ ਜੇਤੂ ਰਹੀ ਭਾਰਤੀ ਟੀਮ ਦੇ ਮੁੱਖ ਕੋਚ ਰਾਹੁਲ ਦ੍ਰਾਵਿੜ ਅਤੇ ਉਨ੍ਹਾ ਦੇ ਸਹਿਯੋਗੀ ਸਟਾਫ ਦਾ ਕਰਾਰ ਵਧਾ ਦਿੱਤਾ ਹੈ। 19 ਨਵੰਬਰ ਨੂੰ ਅਹਿਮਦਾਬਾਦ 'ਚ ਭਾਰਤ ਨੂੰ ਆਸਟਰੇਲੀਆ ਨੇ ਹਰਾਇਆ ਸੀ। ਦ੍ਰਾਵਿੜ ਨੇ ਟੀ-20 ਵਿਸ਼ਵ ਕੱਪ 2021 ਤੋਂ ਬਾਅਦ ਰਵੀ ਸ਼ਾਸਤਰੀ ਦੀ ਜਗ੍ਹਾ ਲਈ ਸੀ। ਵਿਸ਼ਵ ਕੱਪ ਤੋਂ ਬਾਅਦ ਉਨ੍ਹਾ ਦਾ ਦੋ ਸਾਲ ਦਾ ਕਾਰਜਕਾਲ ਖਤਮ ਹੋ ਗਿਆ ਸੀ।

## ਪਤੀ-ਪਤੀ ਦੇ ਝਗੜੇ ਕਾਰਨ ਜਹਾਜ਼ ਭੁੰਜੇ ਲਾਹੁਣਾ ਪਿਆ

**ਨਵੀਂ ਦਿੱਲੀ** : ਮਿਊਨਿਖ ਤੋਂ ਬੈਂਕਾਕ ਜਾ ਰਹੇ ਲੁਫਥਾਂਸਾ ਜਹਾਜ਼ ਵਿਚ ਸਵਾਰ ਪਤੀ-ਪਤਨੀ ਵਿਚਾਲੇ ਤਕਰਾਰ ਏਨਾ ਵਧ ਗਿਆ ਕਿ ਬੁੱਧਵਾਰ ਜਹਾਜ਼ ਨੂੰ ਦਿੱਲੀ ਲਿਆਉਣਾ ਪਿਆ ਅਤੇ ਦੋਵਾਂ ਨੂੰ ਉਤਾਰ ਦਿੱਤਾ ਗਿਆ। ਜਹਾਜ਼ ਐੱਲ ਐੱਚ 772 ਨੂੰ ਸਵੇਰੇ 10.26 ਵਜੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਉਤਰਨਾ ਪਿਆ। ਇਸ ਤੋਂ ਪਹਿਲਾਂ ਜਹਾਜ਼ ਦੇ ਪਾਇਲਟ ਨੇ ਏ ਟੀ ਸੀ ਨਾਲ ਸੰਪਰਕ ਕਰਕੇ ਬੇਕਾਬੂ ਯਾਤਰੀਆਂ ਬਾਰੇ ਜਾਣਕਾਰੀ ਦਿੱਤੀ। ਪਤਨੀ ਨੇ ਪਹਿਲਾਂ ਪਾਇਲਟ ਨੂੰ ਆਪਣੇ ਪਤੀ ਦੇ ਵਿਹਾਰ ਦੀ ਸ਼ਿਕਾਇਤ ਕੀਤੀ ਅਤੇ ਕਿਹਾ ਕਿ ਉਹ ਉਸ ਨੂੰ ਧਮਕਾ ਰਿਹਾ ਹੈ।

## ਇਕ ਲੱਖ 40 ਹਜ਼ਾਰ ਪਾੜ੍ਹਿਆਂ ਨੂੰ ਅਮਰੀਕੀ ਵੀਜ਼ਾ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਨੇ ਭਾਰਤੀਆਂ ਨਾਲ ਸੰਪਰਕ ਵਧਾਉਣ ਦੇ ਉਦੇਸ਼ ਨਾਲ ਪਿਛਲੇ ਸਾਲ 1,40,000 ਤੋਂ ਵੱਧ ਭਾਰਤੀ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕੀਤੇ ਹਨ। ਨਾਲ ਹੀ ਅਮਰੀਕੀ ਪ੍ਰਸ਼ਾਸਨ ਵੀਜ਼ਾ ਲਈ ਇੰਟਰਵਿਊ ਲਈ ਉਡੀਕ ਸਮੇਂ ਨੂੰ ਘਟਾਉਣ ਲਈ ਕਈ ਕਦਮ ਚੁੱਕ ਰਿਹਾ ਹੈ। ਸੂਤਰਾਂ ਮੁਤਾਬਕ ਭਾਰਤ 'ਚ ਅਮਰੀਕੀ ਮਿਸ਼ਨ ਨੇ ਇਹ ਯਕੀਨੀ ਬਣਾਉਣ ਲਈ ਹਫਤੇ 'ਚ ਛੇ-ਸੱਤ ਦਿਨ ਕੰਮ ਕੀਤਾ ਕਿ ਕਲਾਸਾਂ ਸ਼ੁਰੂ ਹੋਣ ਤੋਂ ਪਹਿਲਾਂ ਵਿਦਿਆਰਥੀਆਂ ਦੀ ਇੰਟਰਵਿਊ ਲਈ ਜਾਵੇ।

# ਮਨੁੱਖੀ ਕਿਰਤ ਦੀ ਮਸ਼ੀਨਰੀ 'ਤੇ ਜਿੱਤ

**ਲੰਡਨ** : ਸੰਸਾਰ ਮੀਡੀਆ ਨੇ ਸਿਲਕਿਆਰਾ ਸੁਰੰਗ ਵਿੱਚੋਂ 41 ਮਜ਼ਦੂਰਾਂ ਨੂੰ 17 ਦਿਨਾਂ ਦੀ ਜੱਦੋਜਹਿਦ ਤੋਂ ਬਾਅਦ ਸਹੀ-ਸਲਾਮਤ ਬਾਹਰ ਕੱਢਣ ਨੂੰ 'ਮਸ਼ੀਨਰੀ 'ਤੇ ਮਨੁੱਖੀ ਕਿਰਤ ਦੀ ਜਿੱਤ' ਕਰਾਰ ਦਿੱਤਾ ਹੈ। ਸੰਸਾਰ ਮੀਡੀਆ ਨੇ ਮਜ਼ਦੂਰਾਂ ਦੇ ਸੁਰੰਗ ਵਿੱਚੋਂ ਬਾਹਰ ਨਿਕਲਣ ਦੇ ਛਿਣਾਂ ਨੂੰ ਨਾਲੋ-ਨਾਲ ਦਿਖਾਇਆ।

ਇੰਗਲੈਂਡ ਦੇ ਅਖਬਾਰ ਗਾਰਡੀਅਨ ਨੇ ਲਿਖਿਆ—ਮਾਹਰ ਮਜ਼ਦੂਰਾਂ ਵੱਲੋਂ ਆਖਰੀ 12 ਮੀਟਰ ਤੱਕ ਗੈਂਤੀਆਂ ਤੇ ਛੈਣੀਆਂ ਨਾਲ ਰਾਹ ਬਣਾਉਣ ਨੇ ਸਾਬਤ ਕੀਤਾ ਹੈ ਕਿ ਆਖਰ ਵਿਚ ਕਿਰਤੀਆਂ ਨੇ ਹੀ ਜਿੱਤ ਦਿਵਾਈ, ਹਾਲਾਂਕਿ ਮਸ਼ੀਨਰੀ ਕਈ ਦਿਨਾਂ ਤੋਂ ਵਰਤੀ ਜਾ ਰਹੀ ਸੀ।

ਨਿਊ ਯਾਰਕ ਟਾਈਮਜ਼ ਨੇ ਲਿਖਿਆ—ਕਈ ਮਸ਼ੀਨਾਂ ਵਰਤੀਆਂ ਗਈਆਂ ਤੇ ਕੌਮਾਂਤਰੀ ਮਾਹਰ ਸੱਦੇ ਗਏ, ਪਰ ਆਖਰ ਮਜ਼ਦੂਰਾਂ ਨੇ ਪਹਾੜ ਖੋਦ ਕੇ ਰਾਹ ਬਣਾਇਆ।

ਮਜ਼ਦੂਰਾਂ 'ਚੋਂ ਇਕ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੱਸਿਆ ਕਿ ਉਹ ਆਪਣਾ ਹੌਸਲਾ ਬਰਕਰਾਰ ਰੱਖਣ ਲਈ ਯੋਗਾ ਕਰਦੇ ਸਨ ਅਤੇ ਸੁਰੰਗ 'ਚ ਸੈਰ ਕਰਦੇ ਸਨ। ਇੱਕ ਹੋਰ ਨੇ ਕਿਹਾ ਕਿ ਜਦੋਂ ਸਰਕਾਰ ਵਿਦੇਸ਼ਾਂ 'ਚ ਫਸੇ ਭਾਰਤੀਆਂ ਨੂੰ ਬਚਾਅ ਸਕਦੀ ਹੈ, ਉਹ ਤਾਂ ਦੇਸ਼ ਦੇ ਅੰਦਰ ਸਨ ਅਤੇ ਇਸ ਲਈ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਸੀ।

'ਰੈਟ ਹੋਲ ਮਾਈਨਿੰਗ' ਤਕਨੀਕ ਦੇ ਮਾਹਰ ਫਿਰੋਜ਼ ਕੁਰੈਸ਼ੀ ਅਤੇ ਮੋਨੂੰ ਕੁਮਾਰ ਮਲਬੇ ਦੇ ਆਖਰੀ ਹਿੱਸੇ ਨੂੰ ਸਾਫ ਕਰਨ ਤੋਂ ਬਾਅਦ ਮਜ਼ਦੂਰਾਂ ਨੂੰ ਮਿਲਣ ਵਾਲੇ ਪਹਿਲੇ ਵਿਅਕਤੀ ਸਨ। ਦਿੱਲੀ ਦੇ ਕੁਰੈਸ਼ੀ ਅਤੇ ਯੂ ਪੀ ਦੇ ਕੁਮਾਰ 'ਰੈਟ-ਹੋਲ ਮਾਈਨਿੰਗ' ਤਕਨਾਲੋਜੀ ਮਾਹਰਾਂ ਦੀ 12 ਮੈਂਬਰੀ ਟੀਮ ਦਾ ਹਿੱਸਾ ਸਨ, ਜਿਨ੍ਹਾਂ ਨੂੰ ਐਤਵਾਰ ਨੂੰ ਖੁਦਾਈ ਲਈ ਬੁਲਾਇਆ ਗਿਆ ਸੀ। ਦਿੱਲੀ ਦੇ ਖਜੂਰੀ ਖਾਸ ਦੇ ਨਿਵਾਸੀ ਕੁਰੈਸ਼ੀ ਨੇ ਦੱਸਿਆ—ਜਦੋਂ ਅਸੀਂ ਮਲਬੇ ਦੇ ਆਖਰੀ ਹਿੱਸੇ 'ਤੇ ਪਹੁੰਚੇ ਤਾਂ ਉਹ (ਮਜ਼ਦੂਰ) ਸਾਨੂੰ ਸੁਣ ਸਕਦੇ



ਮਜ਼ਦੂਰਾਂ ਨੂੰ ਚੈੱਕਅੱਪ ਲਈ ਰਿਸ਼ੀਕੇਸ਼ ਦੇ ਏਮਜ਼ 'ਚ ਲਿਆਂਦਾ ਗਿਆ। ਡਾਕਟਰਾਂ ਨੇ ਕਿਹਾ ਕਿ ਸਾਰੇ ਤੰਦਰੁਸਤ ਹਨ, ਫਿਰ ਵੀ ਦੋ ਦਿਨ ਨਿਗਰਾਨੀ ਕੀਤੀ ਜਾਵੇਗੀ।

ਸਨ। ਮਲਬਾ ਹਟਾਉਣ ਤੋਂ ਤੁਰੰਤ ਬਾਅਦ ਅਸੀਂ ਦੂਜੇ ਪਾਸੇ ਉਤਰ ਗਏ। ਮਜ਼ਦੂਰਾਂ ਨੇ ਮੇਰਾ ਧੰਨਵਾਦ ਕੀਤਾ, ਮੈਨੂੰ ਜੱਫੀ ਪਾ ਲਈ ਤੇ ਮੈਨੂੰ ਮੋਢਿਆਂ 'ਤੇ ਚੁੱਕ ਲਿਆ। ਕੁਰੈਸ਼ੀ ਦਿੱਲੀ ਸਥਿਤ ਰੌਕਵੈੱਲ ਐਂਟਰਪ੍ਰਾਈਜ਼ ਦਾ ਕਰਮਚਾਰੀ ਹੈ ਅਤੇ ਸੁਰੰਗ ਬਣਾਉਣ ਦੇ ਕੰਮ 'ਚ ਮਾਹਰ ਹੈ। ਯੂ ਪੀ ਦੇ ਬੁਲੰਦਸ਼ਹਿਰ ਦੇ ਰਹਿਣ ਵਾਲੇ ਕੁਮਾਰ ਨੇ ਕਿਹਾ—ਉਨ੍ਹਾਂ (ਮਜ਼ਦੂਰਾਂ) ਨੇ ਮੈਨੂੰ ਬਦਾਮ ਦਿੱਤੇ ਅਤੇ ਮੇਰਾ ਨਾਂਅ ਪੁੱਛਿਆ। ਇਸ ਤੋਂ ਬਾਅਦ ਹੋਰ ਸਹਿਕਰਮੀ ਵੀ ਅੰਦਰ ਆ ਗਏ ਤੇ ਅਸੀਂ ਕਰੀਬ ਅੱਧੇ ਘੰਟੇ ਤੱਕ ਉਥੇ ਰਹੇ। ਇਸ ਦੌਰਾਨ ਐੱਨ ਡੀ ਆਰ ਐੱਫ ਦੀ ਟੀਮ ਆ ਗਈ।

# ਪਹਿਲੀ ਵਾਰ ਲਾਅ ਅਫਸਰਾਂ ਦੀ ਭਰਤੀ 'ਚ ਐੱਸ ਸੀ ਕੋਟਾ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਬੁੱਧਵਾਰ ਵਿਧਾਨ ਸਭਾ ਵਿੱਚ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲਾਅ ਅਫਸਰਾਂ ਦੀ ਭਰਤੀ ਲਈ ਜਾਰੀ ਇਸ਼ਤਿਹਾਰ ਵਿੱਚ ਪਹਿਲੀ ਵਾਰੀ 58 ਅਸਾਮੀਆਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਰੱਖੀਆਂ ਗਈਆਂ ਹਨ ਅਤੇ 178 ਅਸਾਮੀਆਂ ਜਨਰਲ ਕੈਟਾਗਰੀ ਲਈ ਹਨ।

ਮੁੱਖ ਮੰਤਰੀ ਮਾਨ, ਜਿਨ੍ਹਾ ਕੋਲ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵੀ ਹੈ, ਤਰਫੋਂ ਨਵਾਂ ਸ਼ਹਿਰ ਦੇ ਵਿਧਾਇਕ ਵੱਲੋਂ ਲਿਆਂਦੇ ਧਿਆਨ ਦਿਵਾਊ ਮਤੇ ਦਾ ਜਵਾਬ ਦਿੰਦਿਆਂ ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਉਹ ਸ੍ਰੀ ਭਗਵੰਤ ਸਿੰਘ ਮਾਨ ਦੀ ਸੋਚ ਨੂੰ ਸਲਾਮ ਕਰਦੇ ਹਨ, ਜਿਨ੍ਹਾ ਦੀ ਅਗਵਾਈ ਹੇਠ ਇਹ ਅਸਾਮੀਆਂ ਕੁਝ ਦੇਰ ਪਹਿਲਾਂ ਵੀ ਕੱਢੀਆਂ ਗਈਆਂ ਸਨ, ਪਰ ਕੁਝ ਤਕਨੀਕੀ ਕਾਰਨਾਂ ਕਰਕੇ ਇਸ ਬਾਰੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਰਿਟ ਪਟੀਸ਼ਨ ਦਾਖਲ ਹੋ ਗਈ। ਹੁਣ ਦੁਬਾਰਾ ਸਾਰੀਆਂ ਅਸਾਮੀਆਂ ਦੀ ਭਰਤੀ ਲਈ 23 ਨਵੰਬਰ ਨੂੰ ਇਸ਼ਤਿਹਾਰ ਜਾਰੀ ਕੀਤਾ ਗਿਆ ਹੈ, ਜਿਸ ਤਹਿਤ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਕੁੱਲ 58 ਅਸਾਮੀਆਂ ਵਿੱਚ 12 ਐਡੀਸ਼ਨਲ ਐਡਵੋਕੇਟ ਜਨਰਲ, 5 ਸੀਨੀਅਰ ਡਿਪਟੀ ਐਡਵੋਕੇਟ ਜਨਰਲ, 16 ਡਿਪਟੀ ਐਡਵੋਕੇਟ ਜਨਰਲ, 23 ਅਸਿਸਟੈਂਟ ਐਡਵੋਕੇਟ ਜਨਰਲ ਅਤੇ 2 ਐਡਵੋਕੇਟ ਆਨ ਰਿਕਾਰਡ ਦੀਆਂ ਅਸਾਮੀਆਂ ਸ਼ਾਮਲ ਹਨ।



ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਕਈ ਵਾਰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਨੇ ਰਾਜ ਕੀਤਾ, ਪਰ ਸੂਬੇ ਵਿੱਚ 34 ਫੀਸਦੀ ਆਬਾਦੀ ਅਨੁਸੂਚਿਤ ਜਾਤੀ ਦੇ ਲੋਕਾਂ ਦੀ ਹੋਣ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਲਾਅ ਅਫਸਰਾਂ ਦੀ ਨਿਯੁਕਤੀ ਵੇਲੇ ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਕੀਲਾਂ ਲਈ ਰਾਖਵਾਂਕਰਨ ਨਹੀਂ ਕੀਤਾ। ਉਨ੍ਹਾ ਕਿਹਾ, 'ਜਦੋਂ ਮੈਂ ਪਹਿਲੀ ਵਾਰ ਵਿਧਾਨ ਸਭਾ ਵਿੱਚ ਚੁਣ ਕੇ ਆਇਆ ਸੀ ਤਾਂ ਉਸ ਸਮੇਂ ਦੀ ਕਾਂਗਰਸ ਸਰਕਾਰ ਪਹਿਲਾ ਬਿੱਲ ਐਡਵੋਕੇਟ ਜਨਰਲ ਦੀ ਅਪਾਇੰਟਮੈਂਟ ਬਾਰੇ ਲੈ ਕੇ ਆਈ ਸੀ ਅਤੇ ਮੈਂ ਪਹਿਲਾ ਪ੍ਰਸ਼ਨ ਇਸ ਮੁਕੱਦਸ ਹਾਊਸ ਵਿੱਚ ਇਨ੍ਹਾਂ ਅਸਾਮੀਆਂ ਦੀ ਰਿਜਰਵੇਸ਼ਨ ਬਾਰੇ ਚੁੱਕਿਆ ਸੀ, ਪਰ ਉਸ ਸਮੇਂ ਕਾਂਗਰਸ ਦੀ ਸਰਕਾਰ ਸੀ, ਜੋ ਮੈਂ ਸਮਝਦਾ ਸਦੀਆਂ ਤੋਂ ਦਲਿਤਾਂ ਦੇ ਨਾਂਅ 'ਤੇ ਵੋਟਾਂ ਲੈ ਕੇ ਧੋਖਾ ਕਰਦੀ ਰਹੀ ਹੈ।'

ਉਹਨਾ ਕਿਹਾ ਕਿ ਇਹ ਪਹਿਲੀ ਸਰਕਾਰ ਹੈ, ਜਿਹੜੀ ਪਹਿਲੀ ਵਾਰ ਪੰਜਾਬ ਦੇ ਉਨ੍ਹਾਂ ਗਰੀਬ ਲੋਕਾਂ ਦੇ ਬੱਚਿਆਂ ਨੂੰ, ਜਿਹੜੇ ਦਿਹਾੜੀ ਕਰਕੇ, ਮਿਹਨਤ-ਮੁਸ਼ੱਕਤ ਕਰਕੇ ਆਪਣੇ ਬੱਚਿਆਂ ਨੂੰ ਵਕੀਲ ਬਣਾਉਂਦੇ ਹਨ ਤੇ ਹਾਇਰ ਐਜੂਕੇਸ਼ਨ ਦਿਵਾਉਂਦੇ ਹਨ, ਲਈ ਰਾਖਵਾਂਕਰਨ ਲੈ ਕੇ ਆਈ ਹੈ। ਉਨ੍ਹਾ ਕਿਹਾ ਕਿ ਕੁਝ ਦਿਨਾਂ ਦੇ ਅੰਦਰ-ਅੰਦਰ ਇਹ ਪੋਸਟਾਂ ਭਰ ਲਈਆਂ ਜਾਣਗੀਆਂ ਅਤੇ ਇਹ ਐਡਵੋਕੇਟ ਹਾਈ ਕੋਰਟ ਵਿੱਚ ਆਪਣੀ ਡਿਊਟੀ ਨਿਭਾਉਣਗੇ।

ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਦਲਿਤ ਭਾਈਚਾਰੇ ਲਈ ਅੱਜ ਇਤਿਹਾਸਕ ਦਿਨ ਹੈ ਅਤੇ ਉਹ ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਨਾ ਚਾਹੁੰਦੇ ਹਨ, ਉਥੇ ਹੀ ਇਹ ਧਿਆਨ ਦਿਵਾਊ ਮਤਾ ਲਿਆਉਣ ਲਈ ਮੈਂਬਰ ਸਹਿਬਾਨ ਦਾ ਵੀ ਧੰਨਵਾਦ ਕਰਨਾ ਚਾਹੁੰਦੇ ਹਨ।

## ਪੰਜਾਬ ਵਿਧਾਨ ਸਭਾ ਵੱਲੋਂ ਚਾਰ ਬਿੱਲ ਪਾਸ

**ਚੰਡੀਗੜ੍ਹ, (ਗੁਰਜੀਤ ਬਿੱਲਾ)** -ਪੰਜਾਬ ਵਿਧਾਨ ਸਭਾ ਨੇ ਬੁੱਧਵਾਰ ਚਾਰ ਅਹਿਮ ਬਿਲ ਸਰਬਸੰਮਤੀ ਨਾਲ ਪਾਸ ਕੀਤੇ। ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਵੱਲੋਂ ਤਿੰਨ ਬਿੱਲ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚ ਜਾਇਦਾਦ ਦਾ ਤਬਾਦਲਾ (ਪੰਜਾਬ ਸੋਧ) ਬਿੱਲ-2023, ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿੱਲ-2023 ਅਤੇ ਭਾਰਤੀ ਸਟੈਂਪ (ਪੰਜਾਬ ਸੋਧ) ਬਿੱਲ-2023 ਸ਼ਾਮਲ ਹਨ। ਇਸੇ ਤਰ੍ਹਾਂ ਜਲ ਸਰੋਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਚੌਥਾ ਬਿੱਲ ਪੰਜਾਬ ਕੈਨਾਲ ਐਂਡ ਡਰੇਨੇਜ ਬਿੱਲ-2023 ਪੇਸ਼ ਕੀਤਾ ਗਿਆ।

## ਪੀ ਜੀ ਦੇ ਬਾਥਰੂਮ 'ਚ ਕੈਮਰਾ ਮਿਲਿਆ, 2 ਗ੍ਰਿਫਤਾਰ

**ਚੰਡੀਗੜ੍ਹ** : ਇੱਥੇ 17 ਸੈਕਟਰ ਵਿਚ ਬਾਥਰੂਮ 'ਚ ਕੈਮਰਾ ਲਗਾ ਕੇ ਸਾਥੀ ਕੁੜੀਆਂ ਦੀਆਂ ਫੋਟੋਆਂ ਲੈਣ ਅਤੇ ਵੀਡੀਓ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਕੁੜੀਆਂ ਦੇ ਪੀ ਜੀ ਦੇ ਬਾਥਰੂਮ 'ਚੋਂ ਸਪਾਈ ਕੈਮਰਾ ਮਿਲਿਆ ਹੈ। ਗੀਜ਼ਰ ਦੇ ਉੱਪਰ ਕੈਮਰੇ ਨੂੰ ਲੁਕਾਇਆ ਹੋਇਆ ਸੀ। ਪੁਲਸ ਨੇ ਇਕ ਕੁੜੀ ਅਤੇ ਉਸ ਦੇ ਬੁਆਏ ਫ੍ਰੈਂਡ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਵਾਂ ਦੇ ਫੋਨ ਸੀਲ ਕਰਕੇ ਲੈਬ 'ਚ ਭੇਜ ਦਿੱਤੇ ਹਨ। ਲੈਬ ਦੀ ਰਿਪੋਰਟ ਤੋਂ ਪਤਾ ਲੱਗੇਗਾ ਕਿ ਮੁਲਜ਼ਮਾਂ ਨੇ ਸਾਥੀ ਕੁੜੀਆਂ ਦੀਆਂ ਕਿੰਨੀਆਂ ਵੀਡੀਓਜ਼ ਬਣਾਈਆਂ ਹਨ।

## ਨਵਾਜ਼ ਸ਼ਰੀਫ ਭ੍ਰਿਸ਼ਟਾਚਾਰ ਦੇ ਦੋ ਮਾਮਲਿਆਂ 'ਚੋਂ ਬਰੀ



**ਇਸਲਾਮਾਬਾਦ** : ਇਸਲਾਮਾਬਾਦ ਹਾਈ ਕੋਰਟ ਨੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਭ੍ਰਿਸ਼ਟਾਚਾਰ ਦੇ ਦੋ ਮਾਮਲਿਆਂ 'ਚ ਬੁੱਧਵਾਰ ਬਰੀ ਕਰ ਦਿੱਤਾ। ਇਨ੍ਹਾਂ ਮਾਮਲਿਆਂ 'ਚ ਉਨ੍ਹਾ ਨੂੰ 2018 'ਚ ਦੋਸ਼ੀ ਠਹਿਰਾਇਆ ਗਿਆ ਸੀ। ਸ਼ਰੀਫ (73) ਨੇ ਅਵੇਨਫੀਲਡ ਜਾਇਦਾਦ ਅਤੇ ਅਲਅਜੀਜ਼ੀਆ ਮਾਮਲਿਆਂ 'ਚ ਆਪਣੀ ਸਜ਼ਾ ਨੂੰ ਇਸਲਾਮਾਬਾਦ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ।

# ਕਰਨਾਟਕ, ਉੱਤਰਾਖੰਡ ਤੇ ਗੁਜਰਾਤ 'ਚ ਅਲਰਟ

**ਚੰਡੀਗੜ੍ਹ** : ਕਰਨਾਟਕ, ਗੁਜਰਾਤ ਅਤੇ ਉੱਤਰਾਖੰਡ ਨੇ ਚੀਨ 'ਚ ਬੱਚਿਆਂ 'ਚ ਸਾਹ ਦੀਆਂ ਬਿਮਾਰੀਆਂ 'ਚ ਵਾਧੇ ਦੇ ਮੱਦੇਨਜ਼ਰ ਤਿਆਰੀ ਦੀ ਸਮੀਖਿਆ ਕਰਨ ਦੇ ਕੇਂਦਰ ਦੇ ਨਿਰਦੇਸ਼ਾਂ ਤੋਂ ਬਾਅਦ ਆਪਣੇ ਸਿਹਤ ਬੁਨਿਆਦੀ ਢਾਂਚੇ ਨੂੰ ਚੌਕਸ ਕਰ ਦਿੱਤਾ ਹੈ। ਉਨ੍ਹਾਂ ਹਸਪਤਾਲਾਂ ਅਤੇ ਸਿਹਤ ਸੰਭਾਲ ਸਟਾਫ ਨੂੰ ਕਿਹਾ ਹੈ ਕਿ ਉਹ ਸਾਹ ਦੀਆਂ ਸਮੱਸਿਆਵਾਂ ਦੀ ਸ਼ਿਕਾਇਤ ਕਰਨ ਵਾਲੇ ਮਰੀਜ਼ਾਂ ਨਾਲ ਨਜਿੱਠਣ ਲਈ ਤਿਆਰੀ ਯਕੀਨੀ ਬਣਾਉਣ। ਚੌਕਸੀ ਲਈ ਜਾਰੀ ਤਾਜ਼ਾ ਸਲਾਹ ਮੁਤਾਬਕ ਬਿਮਾਰੀ ਦੇ ਲੱਛਣਾਂ ਵਿੱਚ ਮੌਸਮੀ ਬੁਖਾਰ (ਫਲੂ), ਠੰਢ ਲੱਗਣਾ, ਬੇਚੈਨੀ, ਭੁੱਖ ਨਾ ਲੱਗਣਾ, ਦਿਲ ਕੱਚਾ ਹੋਣਾ, ਛਿੱਕਾਂ ਅਤੇ ਸੁੱਕੀ ਖੰਘ ਸ਼ਾਮਲ ਹਨ। ਖੰਘ ਕਮਜ਼ੋਰ ਵਿਅਕਤੀਆਂ 'ਚ ਤਿੰਨ ਹਫਤਿਆਂ ਤੱਕ ਰਹਿ ਸਕਦੀ ਹੈ। ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਖੰਘਣ ਜਾਂ ਛਿੱਕਣ ਵੇਲੇ ਮੂੰਹ ਅਤੇ ਨੱਕ ਨੂੰ ਢੱਕਣ, ਵਾਰ-ਵਾਰ ਹੱਥ ਧੋਣ, ਚਿਹਰੇ ਨੂੰ ਵਾਰ-ਵਾਰ ਹੱਥ ਨਾ ਲਾਉਣ ਤੇ ਭੀੜ ਵਾਲੀਆਂ ਥਾਵਾਂ 'ਤੇ ਮਾਸਕ ਦੀ ਵਰਤੋਂ ਕਰਨ।



ਹਰਿਆਣਾ ਸਰਕਾਰ ਨੇ ਵੀ ਸੂਬੇ ਦੇ ਸਾਰੇ ਸਿਵਲ ਸਰਜਨਾਂ ਨੂੰ ਚੌਕਸ ਰਹਿਣ ਦਾ ਹੁਕਮ ਦਿੱਤਾ ਹੈ। ਹਰਿਆਣਾ ਦੇ ਡਾਇਰੈਕਟਰ ਸਿਹਤ ਸੇਵਾਵਾਂ ਨੇ ਸੂਬੇ ਦੇ ਸਾਰੇ ਸਿਵਲ ਸਰਜਨਾਂ ਨੂੰ ਪੱਤਰ ਜਾਰੀ ਕਰਦਿਆਂ 'ਸਾਹ ਦੀ ਅਸਧਾਰਨ ਬਿਮਾਰੀ ਦੇ ਮਰੀਜ਼ਾਂ' ਬਾਰੇ ਤੁਰੰਤ ਉੱਚ ਅਧਿਕਾਰੀਆਂ ਨੂੰ ਰਿਪੋਰਟ ਕਰਨ ਦੇ ਨਿਰਦੇਸ਼ ਦਿੱਤੇ ਹਨ। ਡਾਇਰੈਕਟਰ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੋਰੋਨਾ ਮਹਾਂਮਾਰੀ ਵਾਂਗ ਹੀ ਮੌਜੂਦਾ ਹਾਲਾਤ 'ਚ ਟੈਸਟਿੰਗ, ਮੈਡੀਕਲ ਸਹੂਲਤਾਂ, ਬੈੱਡ ਅਤੇ ਆਕਸੀਜਨ ਦੇ ਲੋੜੀਂਦੇ ਪ੍ਰਬੰਧ ਯਕੀਨੀ ਕੀਤੇ ਜਾਣਗੇ।

## ਦਿੱਲੀ-ਮੁੰਬਈ ਦੇ ਦੋ-ਤਿਹਾਈ ਲੋਕਾਂ ਵੱਲੋਂ ਕਿਤੇ ਹੋਰ ਵਸਣ 'ਤੇ ਵਿਚਾਰ



**ਨਵੀਂ ਦਿੱਲੀ** : ਮੁੰਬਈ ਤੇ ਦਿੱਲੀ ਵਿਚ ਰਹਿਣ ਵਾਲੇ 60 ਫੀਸਦੀ ਲੋਕ ਦੋਵਾਂ ਸ਼ਹਿਰਾਂ ਵਿਚ ਹਵਾ ਪ੍ਰਦੂਸ਼ਣ ਦੀ ਵਿਗੜਦੀ ਸਥਿਤੀ ਨੂੰ ਦੇਖਦੇ ਹੋਏ ਕਿਤੇ ਹੋਰ ਵਸਣ ਬਾਰੇ ਵਿਚਾਰ ਕਰ ਰਹੇ ਹਨ।

ਤਾਜ਼ਾ ਅਧਿਐਨ 'ਚ ਇਹ ਗੱਲ ਸਾਹਮਣੇ ਆਈ ਹੈ। ਹੈੱਲਥ ਸਰਵਿਸ ਪ੍ਰੋਵਾਈਡਰ ਪ੍ਰਿਸਟੀਨ ਕੇਅਰ ਨੇ ਇਹ ਨਤੀਜੇ ਦਿੱਲੀ, ਮੁੰਬਈ ਅਤੇ ਆਸਪਾਸ ਦੇ ਚਾਰ ਹਜ਼ਾਰ ਲੋਕਾਂ 'ਤੇ ਕੀਤੇ ਗਏ ਸਰਵੇਖਣ ਦੇ ਆਧਾਰ 'ਤੇ ਪੇਸ਼ ਕੀਤੇ ਹਨ। ਅਧਿਐਨ 'ਚ 10 ਵਿੱਚੋਂ 6 ਨੇ ਖੁਦ ਨੂੰ ਹਵਾ ਪ੍ਰਦੂਸ਼ਣ ਕਾਰਨ ਲਗਾਤਾਰ ਖੰਘ, ਸਾਹ ਚੜ੍ਹਨਾ, ਗਲੇ 'ਚ ਖਾਰਿਸ਼ ਅਤੇ ਅੱਖਾਂ ਦੀਆਂ ਬਿਮਾਰੀਆਂ ਤੋਂ ਪੀੜਤ ਦੱਸਿਆ।

## 40 ਰੇਲਵੇ ਯਾਤਰੀ ਬਿਮਾਰ

**ਚੇਨਈ** : ਇੱਥੋਂ ਪੁਣੇ ਜਾਣ ਵਾਲੀ ਭਾਰਤ ਗੌਰਵ ਐੱਕਸਪ੍ਰੈੱਸ ਟਰੇਨ 'ਚ ਰੇਲਵੇ ਵੱਲੋਂ ਦਿੱਤੇ ਗਏ ਖਾਣੇ ਕਾਰਨ 40 ਯਾਤਰੀ ਬਿਮਾਰ ਹੋ ਗਏ ਤੇ ਉਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਵਾਉਣਾ ਪਿਆ।

ਯਾਤਰੀਆਂ ਨੇ ਖਾਣਾ ਖਾਣ ਦੇ ਤੁਰੰਤ ਬਾਅਦ ਅਸਹਿਜ ਮਹਿਸੂਸ ਕੀਤਾ। ਕਈ ਯਾਤਰੀਆਂ ਨੇ ਉਲਟੀਆਂ ਅਤੇ ਦਸਤ ਦੀ ਸ਼ਿਕਾਇਤ ਕੀਤੀ। ਲੋਕਾਂ ਨੇ ਦੋਸ਼ ਲਾਇਆ ਕਿ ਖਰਾਬ ਖਾਣਾ ਖਾਣ ਕਾਰਨ ਉਨ੍ਹਾਂ ਦੀ ਸਿਹਤ ਵਿਗੜ ਗਈ।

ਰੇਲਵੇ ਨੇ ਤੁਰੰਤ ਪੁਣੇ ਰੇਲਵੇ ਸਟੇਸ਼ਨ 'ਤੇ ਸਾਰੇ 40 ਯਾਤਰੀਆਂ ਦੀ ਮੁਢਲੀ ਜਾਂਚ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੂੰ ਪੁਣੇ ਦੇ ਸੁਸੁਨ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਫਿਲਹਾਲ ਸਾਰੇ ਯਾਤਰੀਆਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

ਐੱਨ ਸੀ ਪੀ ਸਾਂਸਦ ਸੁਪ੍ਰੀਆ ਸੂਲੇ ਨੇ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੂੰ ਇਸ ਮਾਮਲੇ ਨੂੰ ਪੂਰੀ ਗੰਭੀਰਤਾ ਨਾਲ ਦੇਖਣ ਅਤੇ ਯਾਤਰੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ।

## ਪਨੂੰ ਬਾਰੇ ਦੋਸ਼ਾਂ ਦੀ ਜਾਂਚ ਲਈ ਕਮੇਟੀ ਕਾਇਮ



**ਨਵੀਂ ਦਿੱਲੀ** : ਭਾਰਤ ਨੇ ਅਮਰੀਕੀ ਧਰਤੀ 'ਤੇ ਸਿੱਖ ਕੱਟੜਪੰਥੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਦੀ ਜਾਂਚ ਲਈ ਉੱਚ ਪੱਧਰੀ ਜਾਂਚ ਕਮੇਟੀ ਕਾਇਮ ਕੀਤੀ ਹੈ। ਪਿਛਲੇ ਹਫਤੇ ਦਾਅਵਾ ਕੀਤਾ ਗਿਆ ਸੀ ਕਿ ਅਮਰੀਕੀ ਅਧਿਕਾਰੀਆਂ ਨੇ ਗੁਰਪਤਵੰਤ ਸਿੰਘ ਪਨੂੰ ਦੀ ਹੱਤਿਆ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਅਤੇ ਇਸ ਸਾਜ਼ਿਸ਼ 'ਚ ਕਥਿਤ ਸ਼ਮੂਲੀਅਤ ਲਈ ਭਾਰਤ ਸਰਕਾਰ ਨੂੰ ਚਿਤਾਵਨੀ ਦਿੱਤੀ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਕਿ ਭਾਰਤ ਨੇ ਮਾਮਲੇ ਦੇ ਸਾਰੇ ਸੰਬੰਧਤ ਪਹਿਲੂਆਂ ਦੀ ਘੋਖ ਕਰਨ ਲਈ ਉੱਚ ਪੱਧਰੀ ਜਾਂਚ ਕਮੇਟੀ ਬਣਾਈ ਹੈ।

## ਅੱਜ-ਨਾਮਾ

ਲੱਗ ਪਈ ਹੋਣ ਪਹਾੜਾਂ ਵੱਲ ਬਰਫਬਾਰੀ,  
ਲੱਗ ਪਏ ਓਧਰ ਸੈਲਾਨੀ ਵੀ ਜਾਣ ਬੇਲੀ।  
ਡਿੱਗਦੀ ਕਦੀ ਨਾ ਜਿਨ੍ਹਾਂ ਸੀ ਬਰਫ ਡਿੱਠੀ,  
ਪਹਾੜੀਂ ਗਏ ਕਈ ਫੋਟੋ ਖਿਚਵਾਣ ਬੇਲੀ।  
ਜਿਹੜੇ ਪੱਕਾ ਪਹਾੜਾਂ ਵਿੱਚ ਰਹਿਣ ਵਾਲੇ,  
ਫਿਕਰ ਲੱਗ ਪਿਆ ਉਨ੍ਹਾਂ ਨੂੰ ਖਾਣ ਬੇਲੀ।  
ਮਹੀਨੇ ਚਾਰ ਜਦ ਨਿੱਤ ਇਹ ਬਰਫ ਪੈਣੀ,  
ਮੁਸ਼ਕਲ ਹੋਊ ਉਹ ਵਕਤ ਬਿਤਾਣ ਬੇਲੀ।  
ਅੰਦਰੀਂ ਭੋਰਿਆਂ ਦੇ ਰਹਿਣਾ ਪਊ ਤੜ ਕੇ,  
ਪਸ਼ੂਆਂ ਨਾਲ ਸਭ ਅੰਦਰ ਪਰਵਾਰ ਬੇਲੀ।  
ਸਾਂਭ ਰੱਖਿਆ ਵਰਤਣਗੇ ਕਿਰਸ ਕਰ ਕੇ,  
ਪੁੱਜਣ ਮੁਸ਼ਕਲ ਸਿਆਲ ਤੋਂ ਪਾਰ ਬੇਲੀ।

-ਤੀਸ ਮਾਰ ਖਾਂ

## ਪੇਸ਼ੇਵਰਾਂ ਨੂੰ ਅਮਰੀਕਾ ਜਾਣ ਦਾ ਮੌਕਾ

**ਵਾਸ਼ਿੰਗਟਨ** : ਅਮਰੀਕਾ ਦਸੰਬਰ 'ਚ ਐੱਚ-1 ਬੀ ਵੀਜ਼ਾ ਦੀਆਂ ਕੁਝ ਸ਼੍ਰੇਣੀਆਂ ਦੇ ਨਵੀਨੀਕਰਨ ਲਈ ਪਾਇਲਟ ਪ੍ਰੋਗਰਾਮ ਸ਼ੁਰੂ ਕਰ ਰਿਹਾ ਹੈ, ਜਿਸ ਨਾਲ ਖਾਸ ਤੌਰ 'ਤੇ ਵੱਡੀ ਗਿਣਤੀ 'ਚ ਭਾਰਤੀ ਤਕਨਾਲੋਜੀ ਪੇਸ਼ੇਵਰਾਂ ਨੂੰ ਫਾਇਦਾ ਹੋਵੇਗਾ। ਐੱਚ-1 ਬੀ ਵੀਜ਼ਾ ਗੈਰ-ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਕੁਝ ਕਿੱਤਿਆਂ 'ਚ ਵਿਦੇਸ਼ੀ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਦੀ ਇਜਾਜ਼ਤ ਦਿੰਦਾ ਹੈ।

ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਦੀ ਭਰਤੀ ਕਰਦੀਆਂ ਹਨ। ਪਾਇਲਟ ਪ੍ਰੋਗਰਾਮ ਸਿਰਫ 20,000 ਉਮੀਦਵਾਰਾਂ ਲਈ ਹੋਵੇਗਾ। ਇਸ ਦਾ ਐਲਾਨ ਉਦੋਂ ਕੀਤਾ ਗਿਆ ਸੀ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੂਨ 'ਚ ਅਮਰੀਕਾ ਗਏ ਸਨ।

# ਮੌਸਮ ਨੇ ਸਾਲ ਦੇ ਪਹਿਲੇ 9 ਮਹੀਨੇ ਅੱਤ ਚੁੱਕੀ ਰੱਖੀ

**ਨਵੀਂ ਦਿੱਲੀ** : ਭਾਰਤ 'ਚ ਇਸ ਸਾਲ ਦੇ ਪਹਿਲੇ ਨੌਂ ਮਹੀਨਿਆਂ 'ਚ ਲਗਭਗ ਹਰ ਰੋਜ਼ ਮੌਸਮ ਨੇ ਅੱਤ ਚੁੱਕੀ ਰੱਖੀ, ਜਿਸ ਕਾਰਨ ਭਿਆਨਕ ਘਟਨਾਵਾਂ ਹੋਈਆਂ। ਇਨ੍ਹਾਂ 'ਚ ਤਕਰੀਬਨ 3,000 ਵਿਅਕਤੀ ਮਾਰੇ ਗਏ। ਸੁਤੰਤਰ ਸੰਸਥਾ 'ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨਮੈਂਟ' ਵੱਲੋਂ ਬੁੱਧਵਾਰ ਜਾਰੀ ਰਿਪੋਰਟ ਅਨੁਸਾਰ ਜਲਵਾਯੂ ਪੱਖੋਂ ਸੰਵੇਦਨਸ਼ੀਲ ਦੇਸ਼ 'ਚ ਜਨਵਰੀ ਤੋਂ ਸਤੰਬਰ 2023 ਤੱਕ ਦੇ 86 ਫੀਸਦੀ ਦਿਨਾਂ 'ਚ ਮੌਸਮ ਨੇ ਅੱਤ ਚੁੱਕੀ ਰੱਖੀ, ਭਾਵ ਇਹ ਆਮ ਨਾਲੋਂ ਜ਼ਿਆਦਾ ਠੰਢੇ ਤੇ ਗਰਮ ਹੋਣ ਦੇ ਨਾਲ-ਨਾਲ ਵੱਧ ਬਰਸਾਤ ਵਾਲੇ ਰਹੇ। ਇਸ ਸਮੇਂ ਦੌਰਾਨ 2923 ਵਿਅਕਤੀਆਂ ਦੀ ਮੌਤ ਹੋ ਗਈ, 20 ਲੱਖ ਹੈਕਟੇਅਰ 'ਚ ਖੜ੍ਹੀ ਫਸਲ ਤਬਾਹ ਹੋ ਗਈ, 80,000 ਘਰ ਢਹਿ ਗਏ ਅਤੇ 92,000 ਤੋਂ ਵੱਧ ਪਸ਼ੂ ਮਾਰੇ ਗਏ। ਅਜਿਹੀਆਂ ਘਟਨਾਵਾਂ ਦੀ ਸਭ ਤੋਂ ਵੱਧ ਗਿਣਤੀ ਮੱਧ ਪ੍ਰਦੇਸ਼ 'ਚ ਦੇਖੀ ਗਈ, ਜੋ 138 ਸੀ, ਪਰ ਅਜਿਹੀਆਂ ਘਟਨਾਵਾਂ ਕਾਰਨ ਸਭ ਤੋਂ ਵੱਧ ਮੌਤਾਂ ਬਿਹਾਰ (642), ਹਿਮਾਚਲ (365) ਅਤੇ ਯੂ ਪੀ (341) 'ਚ ਹੋਈਆਂ ਹਨ। ਪੰਜਾਬ ਵਿਚ ਸਭ ਤੋਂ ਵੱਧ ਪਸ਼ੂਆਂ ਦੀ ਮੌਤ ਮੌਸਮ ਦੇ ਸਿਖਰ 'ਤੇ ਪਹੁੰਚਣ ਕਾਰਨ ਹੋਈ, ਜਦੋਂ ਕਿ ਹਿਮਾਚਲ ਵਿਚ ਘਰਾਂ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ। ਇਸ ਸਾਲ ਜਨਵਰੀ ਦਾ ਮਹੀਨਾ ਔਸਤ ਨਾਲੋਂ ਥੋੜ੍ਹਾ ਗਰਮ ਰਿਹਾ, ਜਦੋਂ ਕਿ ਫਰਵਰੀ ਨੇ ਸਭ ਤੋਂ ਗਰਮ ਹੋਣ ਦਾ 122 ਸਾਲਾਂ ਦਾ ਰਿਕਾਰਡ ਤੋੜ ਦਿੱਤਾ।



## ਦਾਦਾ-ਦਾਦੀ ਤੇ ਚਾਚੇ ਦੇ ਕਤਲ 'ਚ ਭਾਰਤੀ ਵਿਦਿਆਰਥੀ ਗ੍ਰਿਫਤਾਰ

**ਨਿਊ ਯਾਰਕ** : ਭਾਰਤੀ ਮੂਲ ਦੇ 23 ਸਾਲਾ ਵਿਦਿਆਰਥੀ ਨੂੰ ਨਿਊ ਜਰਸੀ 'ਚ ਆਪਣੇ ਦਾਦਾ-ਦਾਦੀ ਅਤੇ ਚਾਚੇ ਦਾ ਕਤਲ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਮੁਤਾਬਕ ਓਮ ਬ੍ਰਹਮ ਭੱਟ ਉੱਤੇ ਦਿਲੀਪ ਕੁਮਾਰ ਬ੍ਰਹਮ ਭੱਟ (72), ਬਿੰਦੂ ਬ੍ਰਹਮ ਭੱਟ (72) ਅਤੇ ਯਸ਼ ਕੁਮਾਰ ਬ੍ਰਹਮ ਭੱਟ (38) ਨੂੰ ਗੋਲੀ ਮਾਰਨ ਦਾ ਦੋਸ਼ ਹੈ। ਪੁਲਸ ਮੁਤਾਬਕ ਗੁਆਂਢੀ ਨੇ ਗੋਲੀ ਚੱਲਣ ਦੀ ਆਵਾਜ਼ ਸੁਣੀ, ਜਿਸ ਤੋਂ ਬਾਅਦ ਅਧਿਕਾਰੀ ਸਵੇਰੇ 9 ਵਜੇ ਦੇ ਕਰੀਬ ਮੌਕੇ 'ਤੇ ਪਹੁੰਚੇ ਅਤੇ ਤਿੰਨ ਲਾਸ਼ਾਂ ਦੇਖੀਆਂ। ਓਮ ਕੁਝ ਮਹੀਨੇ ਪਹਿਲਾਂ ਹੀ ਨਿਊ ਜਰਸੀ ਆਇਆ ਸੀ। ਗੋਲੀਬਾਰੀ ਦੇ ਕਾਰਨਾਂ ਦਾ ਪਤਾ ਨਹੀਂ ਲੱਗਿਆ, ਪਰ ਗੁਆਂਢੀ ਨੇ ਦੱਸਿਆ ਕਿ ਇਹ ਪਹਿਲੀ ਵਾਰ ਨਹੀਂ ਜਦੋਂ ਪੁਲਸ ਨੂੰ ਬੁਲਾਇਆ ਗਿਆ। ਗੁਆਂਢੀ ਅਨੁਸਾਰ ਘਰੇਲੂ ਹਿੰਸਾ ਕਾਰਨ ਪਹਿਲਾਂ ਵੀ ਇੱਕ ਵਾਰ ਇੱਥੇ ਪੁਲਸ ਬੁਲਾਈ ਗਈ ਸੀ। ਪੁਲਸ ਨੇ ਜਾਂਚ ਦੌਰਾਨ ਕਿਹਾ ਕਿ ਇਹ ਹਿੰਸਾ ਦੀ ਕੋਈ ਅਚਾਨਕ ਘਟਨਾ ਨਹੀਂ।

ਨਵਾਂ ਜ਼ਮਾਨਾ

ਵੀਰਵਾਰ, 30 ਨਵੰਬਰ 2023

# ਮੁੰਨਾ ਕੁਰੈਸ਼ੀ ਤੇ ਵਕੀਲ ਖਾਨ ਨੂੰ ਸਲਾਮ

*ਉੱਤਰਕਾਸ਼ੀ ਸੁਰੰਗ ਵਿੱਚ ਫਸੇ 41 ਮਜ਼ਦੂਰ ਲੰਮੀ ਜੱਦੋਜਹਿਦ ਤੋਂ ਬਾਅਦ ਆਖਰ ਸਹੀ-ਸਲਾਮਤ ਬਾਹਰ ਆ ਗਏ ਹਨ। ਭਾਰਤ ਸਰਕਾਰ ਦੀਆਂ ਸਭ ਏਜੰਸੀਆਂ ਤੇ ਆਧੁਨਿਕ ਤਕਨੀਕ ਦੇ ਨਾਕਾਮ ਹੋਣ ਤੋਂ ਬਾਅਦ ਆਖਰ ਹੱਥੀਂ ਖੁਦਾਈ ਦਾ (ਰੈਟ ਹੋਲ ਮਾਈਨਿੰਗ) ਜੁਗਾੜ ਹੀ ਕੰਮ ਆਇਆ। ਰੈਟ ਹੋਲ ਮਾਈਨਿੰਗ, ਜਿਸ ਨੂੰ ਅਸੀਂ ਚੂਹੇ ਵਾਂਗ ਖੁੱਡ ਖੋਦਣਾ ਵੀ ਕਹਿ ਸਕਦੇ ਹਾਂ, ਸਾਡੇ ਦੇਸ਼ ਵਿੱਚ ਗੈਰ-ਕਾਨੂੰਨੀ ਕਰਾਰ ਦਿੱਤੀ ਹੋਈ ਹੈ। ਇਸ ਦੇ ਬਾਵਜੂਦ ਸੀਵਰ ਲਾਈਨਾਂ ਤੇ ਗਟਰਾਂ ਦੀ ਸਫ਼ਾਈ ਹਾਲੇ ਵੀ ਮਜ਼ਦੂਰਾਂ ਵੱਲੋਂ ਹੱਥੀਂ ਕੀਤੀ ਜਾਂਦੀ ਹੈ। ਇਹ ਉਹੋ ਹੀ ਮਜ਼ਦੂਰ ਸਨ, ਜਿਨ੍ਹਾਂ ਨੂੰ ਇਸ ਕਿੱਤੇ ਕਾਰਨ ਸਨਮਾਨ ਦੀ ਨਜ਼ਰ ਨਾਲ ਨਹੀਂ ਦੇਖਿਆ ਜਾਂਦਾ। ਇਸ ਕਿੱਤੇ ਵਿੱਚ ਉਹੋ ਲੋਕ ਹਨ, ਜੋ ਕਿਸੇ ਸਮੇਂ ਸਾਡੇ ਘਰਾਂ ਵਿੱਚੋਂ ਮਨੁੱਖੀ ਮਲ ਹੱਥੀਂ ਚੁੱਕਦੇ ਹੁੰਦੇ ਸਨ। ਅੱਜ ਵੀ ਇਹ ਲੋਕ ਗਟਰਾਂ ਤੇ ਸੀਵਰ ਪਾਈਪਾਂ ਦੀ ਸਫ਼ਾਈ ਕਰਕੇ ਆਪ ਦਾ ਪੇਟ ਪਾਲਦੇ ਹਨ।*

*ਅੱਜ ਸਾਰਾ ਦੇਸ਼ ਇਨ੍ਹਾਂ ਕਿਰਤੀਆਂ ਦਾ ਰਿਣੀ ਹੈ। ਸੁਰੰਗ ਵਿੱਚ ਫਸੇ ਮਜ਼ਦੂਰਾਂ ਨੂੰ ਕੱਢਣ ਲਈ ਇੱਕ ਸਮੇਂ ਕੌਮਾਂਤਰੀ ਮਾਹਰ ਅਰਨੋਲਡ ਨੇ ਵੀ ਲਗਭਗ ਹੱਥ ਖੜ੍ਹੇ ਕਰਕੇ ਕਹਿ ਦਿੱਤਾ ਸੀ ਕਿ ਮਜ਼ਦੂਰਾਂ ਨੂੰ ਬਾਹਰ ਆਉਣ ਲਈ ਕ੍ਰਿਸਮਸ ਤੱਕ ਭਾਵ ਇੱਕ ਮਹੀਨਾ ਹੋਰ ਉਡੀਕ ਕਰਨੀ ਪਵੇਗੀ। ਅਮਰੀਕੀ ਮਸ਼ੀਨ ਦੇ ਫੇਲ੍ਹ ਹੋਣ ਤੋਂ ਬਾਅਦ ਉਨ੍ਹਾ ਦੀ ਉਮੀਦ ਸੁਰੰਗ ਦੇ ਉੱਪਰੋਂ ਕੀਤੀ ਜਾ ਰਹੀ ਡਰਿਲਿੰਗ 'ਤੇ ਟਿਕੀ ਹੋਈ ਸੀ, ਪਰ ਇਸ ਵਿੱਚ ਇੱਕ ਖ਼ਤਰਾ ਵੀ ਸੀ ਕਿ ਕਿਤੇ ਡਰਿਲਿੰਗ ਦੌਰਾਨ ਉੱਪਰੋਂ ਹੋਰ ਮਲਬਾ ਨਾ ਡਿਗ ਪਵੇ।*

*ਆਖਰ ਨੂੰ ਭਾਰਤ ਦੀ ਉਸੇ ਦੇਸੀ ਤਕਨੀਕ ਦੀ ਵਰਤੋਂ ਕਰਨ ਦਾ ਫੈਸਲਾ ਕੀਤਾ ਗਿਆ, ਜੋ ਸਦੀਆਂ ਤੋਂ ਸੁਰੰਗਾਂ ਖੋਦਣ ਲਈ ਮਜ਼ਦੂਰ ਤਬਕਾ ਕਰਦਾ ਆ ਰਿਹਾ ਸੀ।*

*ਇਸ ਕੰਮ ਲਈ 12 ਮਜ਼ਦੂਰ ਲਿਆਂਦੇ ਗਏ, ਜਿਨ੍ਹਾਂ ਨੇ ਗੈਂਤੀਆਂ ਤੇ ਹੱਥ ਡਰਿਲਾਂ ਨਾਲ ਮਲਬਾ ਬਾਹਰ ਕੱਢਣਾ ਸੀ। ਪਹਿਲਾਂ ਇਹ ਖ਼ਬਰ ਆਈ ਕਿ ਰਹਿੰਦੇ 12 ਕੁ ਮੀਟਰ ਦੇ ਮਲਬੇ ਨੂੰ ਵੀਰਵਾਰ ਤੱਕ ਹਟਾ ਲਿਆ ਜਾਵੇਗਾ, ਪਰ ਮਿਹਨਤੀ ਮਜ਼ਦੂਰਾਂ ਨੇ ਮੰਗਲਵਾਰ ਨੂੰ ਹੀ ਫਤਿਹ ਹਾਸਲ ਕਰ ਲਈ ਸੀ। ਉਂਜ ਭਾਵੇਂ ਇਹ ਸਾਰੇ ਮਜ਼ਦੂਰਾਂ ਦੀ ਮਿਹਨਤ ਦਾ ਨਤੀਜਾ ਹੈ, ਪਰ ਇਨ੍ਹਾਂ ਵਿੱਚੋਂ ਸਭ ਤੋਂ ਪਹਿਲਾਂ ਅੰਦਰ ਜਾਣ ਵਾਲੇ ਮੁੰਨਾ ਕੁਰੈਸ਼ੀ ਤੇ ਵਕੀਲ ਖਾਨ ਸਨ। ਖੁਦਾਈ ਸਮੇਂ ਉੱਪਰੋਂ ਮਲਬਾ ਵੀ ਡਿਗਣ ਦਾ ਖ਼ਤਰਾ ਸੀ, ਪਰ ਕਿਰਤੀਆਂ ਨੇ ਜਾਨ ਦੀ ਪਰਵਾਹ ਨਾ ਕਰਦਿਆਂ ਆਪਣੇ ਫ਼ਰਜ਼ ਨੂੰ ਅੰਜਾਮ ਤੱਕ ਪੁਚਾ ਦਿੱਤਾ। ਮੰਗਲਵਾਰ ਨੂੰ ਜਦੋਂ 41 ਮਜ਼ਦੂਰ ਬਾਹਰ ਆਏ ਤਾਂ ਗੋਦੀ ਮੀਡੀਆ ਉੱਤੇ ਵੀ ਆਈ ਪੀ ਆਗੂਆਂ ਦੇ ਕਸੀਦੇ ਪੜ੍ਹੇ ਜਾ ਰਹੇ ਸਨ, ਪਰ ਸੋਸ਼ਲ ਮੀਡੀਆ 'ਤੇ ਮੁੰਨਾ ਕੁਰੈਸ਼ੀ ਤੇ ਵਕੀਲ ਖਾਨ ਛਾਏ ਹੋਏ ਸਨ।*


*ਮੁੰਨਾ ਕੁਰੈਸ਼ੀ ਤੇ ਉਸ ਦੇ ਸਾਥੀ ਦਿੱਲੀ ਦੀ ਟਰੈਂਚਲੈਸ ਇੰਜੀਨੀਅਰਿੰਗ ਕੰਪਨੀ ਵਿੱਚ ਕੰਮ ਕਰਦੇ ਹਨ। ਇਹ ਕੰਪਨੀ ਸੀਵਰ ਤੇ ਪਾਣੀ ਦੀਆਂ ਲਾਈਨਾਂ ਨੂੰ ਸਾਫ਼ ਕਰਨ ਦਾ ਕੰਮ ਕਰਦੀ ਹੈ। ਮੁੰਨਾ ਕੁਰੈਸ਼ੀ ਤੇ ਉਸ ਦੇ ਸਾਥੀਆਂ ਨੇ ਸੋਮਵਾਰ ਨੂੰ ਕੰਮ ਸ਼ੁਰੂ ਕਰਕੇ ਮੰਗਲਵਾਰ ਨੂੰ ਮੁਕੰਮਲ ਕਰ ਲਿਆ ਸੀ।*

*ਮੁੰਨਾ ਕੁਰੈਸ਼ੀ ਨੇ ਦੱਸਿਆ, "ਅਸੀਂ ਹੌਲੀ-ਹੌਲੀ ਮਲਬਾ ਹਟਾ ਕੇ ਅੱਗੇ ਵਧ ਰਹੇ ਸਾਂ। ਜਦੋਂ ਮੈਂ ਆਖਰੀ ਚਟਾਨ ਹਟਾਈ ਤਾਂ ਫਸੇ ਮਜ਼ਦੂਰ ਮੇਰੇ ਸਾਹਮਣੇ ਸਨ। ਉਨ੍ਹਾਂ ਮੈਨੂੰ ਗਲ ਨਾਲ ਲਾ ਕੇ ਤਾੜੀਆਂ ਵਜਾਈਆਂ ਤੇ ਮੇਰਾ ਧੰਨਵਾਦ ਕੀਤਾ।" ਇੱਕ ਅਖ਼ਬਾਰੀ ਰਿਪੋਰਟ ਮੁਤਾਬਕ ਬਾਕੀ ਖੁਦਾਈ ਮਜ਼ਦੂਰਾਂ ਵਿੱਚ ਵਕੀਲ ਖਾਨ, ਫਿਰੋਜ਼, ਪ੍ਰਸਾਦੀ ਲੋਧੀ ਤੇ ਵਿਪਿਨ ਰਾਵਤ ਸਨ, ਜੋ ਸਭ ਤੋਂ ਪਹਿਲਾਂ ਫਸੇ ਮਜ਼ਦੂਰਾਂ ਕੋਲ ਪਹੁੰਚੇ। ਉਹ ਅੱਧਾ ਘੰਟਾ ਅੰਦਰ ਹੀ ਫਸੇ ਮਜ਼ਦੂਰਾਂ ਕੋਲ ਰਹੇ।*

*ਸੋਸ਼ਲ ਮੀਡੀਆ ਉੱਤੇ ਇਨ੍ਹਾਂ ਖੁਦਾਈ ਮਜ਼ਦੂਰਾਂ ਲਈ ਸ਼ਲਾਘਾ ਦਾ ਹੜ੍ਹ ਆਇਆ ਹੋਇਆ ਹੈ। ਲੋਕ ਇਸ ਨੂੰ ਭਾਰਤ ਦੀ ਅਸਲੀ ਤਾਕਤ ਯਾਨਿ ਹਿੰਦੂ-ਮੁਸਲਿਮ ਏਕਤਾ ਦੀ ਜਿੱਤ ਵਜੋਂ ਪੇਸ਼ ਕਰ ਰਹੇ ਹਨ। ਸੂਰੀਆ ਪ੍ਰਤਾਪ ਸਿੰਘ ਆਈ ਏ ਐੱਸ (ਰਿਟਾ.) ਨੇ ਟਵੀਟ ਕੀਤਾ ਹੈ, "ਵਕੀਲ ਖਾਨ ਤੇ ਮੁੰਨਾ ਕੁਰੈਸ਼ੀ ਆਪਣੀ ਜਾਨ 'ਤੇ ਖੇਡ ਗਏ। 41 ਮਜ਼ਦੂਰਾਂ ਨੂੰ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਹੁਣ ਅੰਧਭਗਤ ਉਨ੍ਹਾਂ ਨੂੰ ਪਾਕਿਸਤਾਨ ਤਾਂ ਨਹੀਂ ਭੇਜਣਗੇ।" ਸ਼ਿਵਮ ਯਾਦਵ ਲਿਖਦੇ ਹਨ, "ਪੂਰੇ ਦੇਸ਼ ਨੂੰ ਮੁੰਨਾ ਕੁਰੈਸ਼ੀ ਤੇ ਵਕੀਲ ਖਾਨ ਦਾ ਧੰਨਵਾਦ ਕਰਨਾ ਚਾਹੀਦਾ ਹੈ।" ਹੰਸਰਾਜ ਮੀਨਾ ਲਿਖਦੇ ਹਨ, "41 ਜ਼ਿੰਦਗੀਆਂ ਨੂੰ ਬਚਾਉਣ ਵਾਲੇ ਵਕੀਲ ਖਾਨ ਤੇ ਮੁੰਨਾ ਕੁਰੈਸ਼ੀ ਨੂੰ ਸਲਾਮ।"*

**-ਚੰਦ ਫਤਿਹਪੁਰੀ**

# ਟੋਲ ਪਲਾਜ਼ੇ, ਲੋਕਾਂ ਦੀ ਲੁੱਟ ਦਾ ਸਾਧਨ



ਸੁੱਚਾ ਸਿੰਘ ਖੱਟੜਾ

ਸੜਕਾਂ ਉੱਤੇ ਟੋਲ ਪਲਾਜ਼ੇ ਕਿਸਾਨਾਂ ਲਈ ਸਰਕਾਰ ਦੀ ਬਾਂਹ ਮਰੋੜਨ ਦੇ ਪਲੇਟਫਾਰਮ, ਜਨਤਾ ਦੀ ਲੁੱਟ ਦੇ ਸਾਧਨ, ਪ੍ਰਾਈਵੇਟ ਕੰਪਨੀਆਂ ਦੀ ਕਾਨੂੰਨੀ ਆਮਦਨ ਦੇ ਕਾਲੇ ਧੰਦੇ ਅਤੇ ਲੋਕਾਂ ਦੀ ਅਗਿਆਨਤਾ ਤੋਂ ਖੁਦ ਲੋਕਾਂ ਨੂੰ ਹੀ ਮਿਲਦੀ ਸਜ਼ਾ। ਇਹ 'ਬਣਾਓ-ਚਲਾਓ ਤੇ ਵਾਪਿਸ ਕਰੋ' (Build-Operate-Transfer) ਦੇ ਮਾਡਲ ਅਧੀਨ ਸ਼ੁਰੂ ਕੀਤੇ ਗਏ ਹਨ। ਸਾਡੇ ਮੁੱਖ ਮੰਤਰੀ ਨੇ ਜਿਹੜੇ ਕਈ ਟੋਲ ਪਲਾਜ਼ੇ ਬੰਦ ਕਰਵਾਏ ਹਨ, ਇਹ ਉਹੀ ਟੋਲ ਪਲਾਜ਼ੇ ਸਨ, ਜੋ ਸਮਝੌਤਿਆਂ ਦੀਆਂ ਸ਼ਰਤਾਂ ਅਧੀਨ ਬੰਦ ਹੋਣ ਨੂੰ ਢੁਕ ਗਏ ਸਨ ਜਾਂ ਸਮਝੌਤੇ ਅਨੁਸਾਰ ਬੰਦ ਹੋਣੇ ਹੀ ਸਨ। ਇਸੇ ਕਰਕੇ ਅਨੇਕਾਂ ਚੱਲ ਵੀ ਰਹੇ ਹਨ। ਟੋਲ ਪਲਾਜ਼ੇ ਕੌਮੀ ਸੜਕਾਂ ਉੱਤੇ ਵੀ ਹਨ ਅਤੇ ਪੰਜਾਬ ਸਰਕਾਰ ਦੀਆਂ ਸੜਕਾਂ ਉੱਤੇ ਵੀ।

ਜਿਸ ਮਾਰਗ ਨੂੰ ਉਪ੍ਰੋਕਤ ਟੋਲ ਪਲਾਜ਼ਾ ਨੀਤੀ ਅਧੀਨ ਬਣਾਉਣਾ ਹੁੰਦਾ ਹੈ, ਉਸ ਨੂੰ ਬਣਾਉਣ ਤੋਂ ਪਹਿਲਾਂ ਟੈਕਸ ਅਧੀਨ ਚੱਲਣ ਵਾਲੇ ਵਾਹਨਾਂ ਦੀ ਗਿਣਤੀ ਦਾ ਡਾਟਾ ਇਕੱਠਾ ਕੀਤਾ ਜਾਂਦਾ ਹੈ ਅਤੇ ਦੂਜੇ ਪਾਸੇ ਸੰਬੰਧਤ ਸੜਕ ਨੂੰ ਬਣਾਉਣ ਉੱਤੇ ਅੰਦਾਜ਼ਨ ਖਰਚਾ ਅਤੇ ਉਸ ਦੀਆਂ ਸ਼ਰਤਾਂਨੂੰ ਤਹਿ ਕੀਤਾ ਜਾਂਦਾ ਹੈ। ਟੈਂਡਰ ਰਾਹੀਂ ਕੋਈ ਕੰਪਨੀ ਸੜਕ ਦਾ ਨਿਰਮਾਣ ਕਰਦੀ ਹੈ। ਦੋਨਾਂ ਕਾਰਜਾਂ ਵਿੱਚ ਗਬਨ ਦੇ ਉਹਲੇ ਰੱਖੇ ਜਾਂਦੇ ਹਨ। ਸੰਭਾਵਤ ਆਵਾਜਾਈ ਦੀ ਗਿਣਤੀ ਵਿੱਚ ਪਾਰਦਰਸ਼ਤਾ ਉੱਕਾ ਨਹੀਂ ਹੁੰਦੀ। ਦੂਜੇ ਪਾਸੇ ਸੜਕ ਬਣਾਉਣ ਦਾ ਖ਼ਰਚਾ ਅਸਲ ਸੰਭਾਵਤ ਖਰਚੇ ਤੋਂ ਵਧਾ ਕੇ ਦਰਸਾਇਆ ਜਾਦਾ ਹੈ। ਸੜਕ ਭਾਵੇਂ ਕੰਪਨੀ ਦੇ ਇੰਜੀਨੀਅਰ ਅਤੇ ਲੇਬਰ ਬਣਾਉਂਦੀ ਹੈ, ਪਰ ਸੜਕ ਨਿਰਮਾਣ ਵਿਭਾਗ ( ਕੇਂਦਰ ਜਾਂ ਸਟੇਟ ) ਦੇ ਅਧਿਕਾਰੀਆਂ ਦੀ ਨਜ਼ਰਸਾਨੀ ਅਧੀਨ ਬਣਦੀ ਹੈ। ਇੱਥੇ ਝੋਲ ਇਹ ਰਹਿੰਦਾ ਹੈ ਕਿ ਸਬੰਧਤ ਸੜਕ ਬਣਾਉਣ ਲਈ ਸਮਝੌਤਾ ਅਧੀਨ ਸੜਕ ਨਾਲ ਸਬੰਧਤ ਹੋਰ ਅਨੇਕਾਂ ਕਾਰਜ ਅਧੂਰੇ ਜਾਂ ਉੱਕਾ ਹੀ ਨਜ਼ਰ-ਅੰਦਾਜ਼ ਕਰਦਿਆਂ ਅਣਛੋਹੇ ਰੱਖ ਕੇ ਸੜਕ ਚਾਲੂ ਕਰਕੇ ਟੋਲ ਪਲਾਜ਼ਾ ਲਗਾ ਦਿੱਤਾ ਜਾਂਦਾ ਹੈ।

ਇਹਨਾਂ ਕਾਰਜਾਂ ਵਿੱਚ ਸੜਕ ਅਬਾਦੀਆਂ ਨੇੜੇ ਜੰਗਲੇ, ਡਿਵਾਈਡਰ, ਲਿੰਕ ਸੜਕਾਂ ਨਾਲ ਜੁੜਵਾਂ ਅਬਾਦੀਆਂ ਦੇ ਗੰਦੇ ਪਾਣੀ ਦੀ ਨਿਕਾਸੀ ਦੇ ਕੰਮ ਆਦਿ ਮੁਕੰਮਲ ਨਹੀਂ ਹੁੰਦੇ। ਟੋਲ ਪਲਾਜ਼ੇ ਉੱਤੇ ਟੈਕਸ ਦੀਆਂ ਦਰਾਂ ਵੀ ਪਾਰਦਰਸ਼ੀ ਢੰਗ ਨਾਲ ਤਹਿ ਨਹੀਂ ਹੁੰਦੀਆਂ। ਸਰਕਾਰ ਅਤੇ ਕੰਪਨੀਆਂ ਵਿਚਕਾਰ ਸਮਝੌਤੇ ਅਧੀਨ ਟੋਲ ਟੈਕਸ ਦੀਆਂ ਦਰਾਂ ਦਾ ਜ਼ਿਕਰ ਨਹੀਂ ਹੁੰਦਾ। ਕੇਵਲ ਅੰਦਾਜ਼ਨ ਆਮਦਨ, ਖਰਚ ਹੀ ਦਰਜ ਹੁੰਦੇ ਹਨ। ਕੰਪਨੀ ਆਪਣੀ ਮਰਜ਼ੀ ਨਾਲ ਟੋਲ ਲਗਾਉਂਦੀਆਂ ਹਨ ਅਤੇ ਆਪਣੀ ਮਰਜ਼ੀ ਨਾਲ ਟੋਲ ਦਰਾਂ ਬਣਾਉਂਦੀ ਜਾਂਦੀ ਹੈ। ਇਹ ਸੂਚਨਾ ਅਧਿਕਾਰ ਰਾਹੀਂ ਪ੍ਰਾਪਤੀ ਜਾਣਕਾਰੀਆਂ ਅਤੇ ਨੱਕੀਆਂ (ਕੀਰਤਪੁਰ ਸਾਹਿਬ) ਟੋਲ ਪਲਾਜ਼ੇ ਨਾਲ ਸੰਬੰਧਤ ਪੰਜਾਬ ਸਰਕਾਰ ਅਤੇ ਰੋਹਨ ਰਾਜਦੀਪ ਕੰਪਨੀ ਵਿਚਕਾਰ ਸਮਝੌਤੇ ਦੇ ਅਸਲ ਦਸਤਾਵੇਜ਼ 'ਤੇ ਅਧਾਰਤ ਹਨ। ਇਹ ਸਾਰਣੀ ਟੋਲ ਅਰਸੇ ਦੇ ਹਰ ਸਾਲ ਲਈ ਸਮਝੌਤੇ ਵਿੱਚ ਦਰਸਾਈ ਹੁੰਦੀ ਹੈ। ਖਰਚਿਆਂ ਵਿੱਚ ਸੜਕ ਦਾ ਰੱਖ-ਰਖਾ, ਮੁਲਾਜ਼ਮਾਂ ਦਾ ਵੇਤਨ, ਬੈਂਕ ਕਰਜ਼ੇ ਦੀ ਵਿਆਜ ਸਮੇਤ ਅਦਾਇਗੀ ਅਤੇ ਸ਼ੁਧ ਮੁਨਾਫੇ ਵਿਚੋਂ 20 ਫੀਸਦੀ ਸਰਕਾਰ ਦਾ ਹਿੱਸਾ ਸ਼ਾਮਲ ਹੁੰਦੇ ਹਨ।

ਪਾਠਕ ਹੈਰਾਨ ਹੋਣਗੇ ਕਿ ਕੀਰਤਪੁਰ ਸਾਹਿਬ ਤੋਂ ਊਨਾ ਮਾਰਗ ਉੱਤੇ ਪੰਜਾਬ ਦੇ ਆਖਰੀ ਪਿੰਡ ਮਹਿਤਪੁਰ ਤੱਕ 29 ਕਿਲੋਮੀਟਰ ਦੇ ਇਸ ਸੜਕ ਟੋਟੇ ਨੂੰ ਰੋਹਨ ਰਾਜਦੀਪ ਨਾਂਅ ਦੀ ਕੰਪਨੀ ਨੇ ਚੌੜਾ ਕਰਕੇ ਦੋ-ਮਾਰਗੀ ਬਣਾਉਣ ਉੱਤੇ ਕੁਲ 57 ਕਰੋੜ ਖਰਚਾ ਕੀਤਾ। ਇਸ ਵਿੱਚ 42 ਕਰੋੜ 75 ਲੱਖ ਬੈਂਕ ਤੋਂ ਕਰਜ਼ਾ ਅਤੇ ਆਪਣੇ ਕੋਲੋਂ ਕੇਵਲ 14 ਕਰੋੜ 25 ਲੱਖ ਖਰਚ ਕੀਤੇ ਹਨ। 14 ਕਰੋੜ 25 ਲੱਖ ਖਰਚ ਕੇ 16 ਸਾਲ ਵਿੱਚ ਕੰਪਨੀ ਨੇ 603 ਕਰੋੜ ਦੀ ਕਮਾਈ (ਆਰ ਟੀ ਆਈ) ਅਨੁਸਾਰ ਅਤੇ 161 ਕਰੋੜ ਖਰਚ (365 ਪੰਨਿਆਂ ਦੇ ਸਮਝੌਤੇ ਦੇ ਪੰਨਾ 106 ਉੱਤੇ ਦਿੱਤੀ ਸਾਰਣੀ ਅਨੁਸਾਰ) ਕਰਕੇ 442 ਕਰੋੜ ਸ਼ੁੱਧ ਮੁਨਾਫਾ ਕਮਾਇਆ ਹੈ। ਜੇਕਰ ਅਜਿਹੀ ਹਰ ਟੋਲ ਪਲਾਜ਼ੇ ਦੀ ਕਹਾਣੀ ਹੈ ਤਾਂ ਇਹੀ ਵਿਚਾਰਨ ਵਾਲਾ ਮੁੱਦਾ ਹੈ ਕਿ ਸਰਕਾਰਾਂ ਨੇ ਆਪਣੇ ਨਾਗਰਿਕਾਂ ਨੂੰ ਕਿਵੇਂ ਟੋਲ ਕੰਪਨੀਆਂ ਤੋਂ ਲੁਟਾਇਆ ਹੈ।

ਟੋਲ ਟੈਕਸ ਬਿਲਕੁਲ ਉਸੇ ਤਰ੍ਹਾਂ ਦਾ ਹੈ, ਜਿਵੇਂ ਖੰਡ, ਪੱਤੀ, ਨਮਕ, ਮਸਾਲਿਆਂ ਉੱਤੇ ਹਰ ਆਮਦਨੀ ਵਾਲੇ ਲਈ ਇਕੋ ਜਿਹਾ ਹੁੰਦਾ ਹੈ। ਭਾਵ ਤਿੰਨ ਲੱਖ ਰੋਜ਼ਾਨਾ ਦੀ ਆਮਦਨ ਵਾਲੇ ਦੀ ਆਪਣੀ ਕਾਰ ਉੱਤੇ ਅਤੇ ਕਿਸੇ ਖੁਸ਼ੀ-ਗਮੀ ਉੱਤੇ ਪਹੁੰਚਣ ਲਈ ਕਿਸੇ ਗਰੀਬ ਵੱਲੋਂ ਕੀਤੀ ਟੈਕਸੀ ਉੱਤੇ ਬਰਾਬਰ ਲਗਦਾ ਹੈ। ਇਹ ਨਿਯਮ ਟੈਕਸ ਦੇ ਨਿਆਂਇਕ ਨਿਯਮਾਂ ਅਨੁਸਾਰ ਨਹੀਂ। ਦੂਜਾ ਸਰਕਾਰ ਨੇ ਕੰਪਨੀ ਦੇ ਖਰਚੇ ਨੂੰ ਤਾਂ ਮੁਨਾਫੇ ਦਾ ਅਧਿਕਾਰ ਮੰਨ ਕੇ ਉਸ ਨੂੰ ਮਨਮਰਜ਼ੀ ਦਾ ਟੈਕਸ ਲਗਾਉਣ ਅਤੇ ਵਧਾਉਣ ਦੀ ਖੁੱਲ੍ਹ ਦੇ ਦਿੱਤੀ, ਪਰ ਪਹਿਲੀ ਸੜਕ ਬਣਾਉਣ ਲਈ ਜ਼ਮੀਨਾਂ, ਘਰਾਂ, ਇਮਾਰਤਾਂ ਆਦਿ ਦੇ ਮੁਆਵਜ਼ੇ ਸੜਕ ਅਤੇ ਪੁਲਾਂ ਦੇ ਨਿਰਮਾਣ ਦੇ ਖਰਚੇ ਕਿਸੇ ਖਾਤੇ ਨਹੀਂ ਪਾਏ ਹੁੰਦੇ, ਕਿਉਂਕਿ ਨਾਗਰਿਕ ਜਾਗਰੂਕ ਨਹੀਂ। ਇਸ ਲਈ ਅਜਿਹੀ ਨੀਤੀ ਅਤੇ ਨੀਤੀ ਅਧੀਨ ਅਦਾਰਿਆਂ ਦੇ ਬਣਾਉਣ, ਚਲਾਉਣ ਦੇ ਸਮਝੌਤਿਆਂ ਦੀ ਚੀਰ-ਫਾੜ ਨਹੀਂ ਹੁੰਦੀ। ਹੈਰਾਨੀ ਹੈ ਕਿ ਕੋਈ ਵੀ ਸਿਆਸੀ ਪਾਰਟੀ ਟੋਲ ਪਲਾਜ਼ੇ ਦਾ ਵਿਰੋਧ ਨਹੀਂ ਕਰਦੀ। ਕਿਸਾਨ ਵੀ ਹੋਰ-ਹੋਰ ਮੰਗਾਂ ਲਈ ਟੋਲ ਪਲਾਜ਼ਾ ਮੰਨ ਲੈਂਦੇ ਹਨ। ਸੰਘਰਸ਼ ਤਾਂ ਟੋਲ ਪਲਾਜ਼ਿਆਂ ਅਤੇ ਰੇਲ ਪਟੜੀਆਂ ਤੋਂ ਹੁੰਦੇ ਹੋਏ ਦਿਲੀ ਦੀਆਂ ਬਰੂਹਾਂ ਤੱਕ ਪਹੁੰਚ ਜਾਂਦੇ ਹਨ। ਪਿਛੇ ਟੋਲ ਪਲਾਜ਼ੇ ਉਸੇ ਤਰ੍ਹਾਂ ਲੱਗ ਜਾਂਦੇ ਹਨ। ਆਮ ਲੋਕਾਂ ਨੂੰ ਇਹੀ ਲਾਭ ਹੁੰਦਾ ਹੈ ਕਿ ਜਿੰਨੇ ਦਿਨ ਟੋਲ ਪਲਾਜ਼ੇ ਸੰਘਰਸ਼ ਦੇ ਮੰਚ ਬਣਦੇ ਹਨ, ਓਨੇ ਦਿਨ ਗੱਡੀਆਂ ਬਿਨਾਂ ਟੈਕਸ ਦਿੱਤਿਆਂ ਆ-ਜਾ ਸਕਦੀਆਂ ਹਨ।

ਸੜਕ ਇਕ ਸਰਵਿਸ ਹੈ। ਇਹ ਸਿੱਖਿਆ ਅਤੇ ਸਿਹਤ ਸੇਵਾਵਾਂ ਵਾਂਗ ਮੁਫਤ ਅਤੇ ਮਿਆਰੀ ਅਤੇ ਸਭ ਲਈ ਹੋਣੀ ਚਾਹੀਦੀ ਹੈ। ਟੋਲ ਰੋਡ ਦਾ ਅਧਾਰੀ ਵਿਚਾਰ ਹੀ ਕਲਿਆਣਕਾਰੀ, ਰਾਜਨੀਤਕ, ਆਰਥਿਕਤਾ ਤੋਂ ਉਲਟ ਹੈ। ਸੜਕ ਨਾਗਰਿਕ ਦੀ ਮੁਢਲੀ ਲੋੜ ਹੈ। ਸਿਧਾਂਤਕ ਪੱਖੋਂ ਇਹਦਾ ਵਿਰੋਧ ਹੋਣਾ ਚਾਹੀਦਾ ਹੈ। ਕਈਆਂ ਦਾ ਵਿਚਾਰ ਹੈ ਕਿ ਕਾਰਾਂ, ਬੱਸਾਂ ਅਤੇ ਹੋਰ ਵਾਹਨ ਖਰੀਦਣ ਸਮੇਂ ਦਿੱਤਾ ਜਾਂਦਾ ਟੈਕਸ ਸੜਕਾਂ ਲਈ ਦਿੱਤਾ ਜਾਂਦਾ ਹੈ। ਇਹ ਵਿਚਾਰ ਸਹੀ ਨਹੀਂ। ਇਹ ਟੈਕਸ ਤਾਂ ਸੂਬੇ ਵਸੂਲਦੇ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਸ਼ਰਾਬ ਦੀ ਬੋਤਲ ਉੱਤੇ ਵਸੂਲਿਆ ਜਾਂਦਾ ਹੈ। ਇਸ ਤਰ੍ਹਾਂ ਦੇ ਟੈਕਸ ਹੀ ਨਹੀਂ, ਹਰ ਕਿਸਮ ਦਾ ਅਜਿਹਾ ਟੈਕਸ ਸਰਕਾਰੀ ਖਜ਼ਾਨੇ ਵਿੱਚ ਜਾਣਾ ਹੁੰਦਾ ਹੈ ਅਤੇ ਉਥੋਂ ਪ੍ਰਾਥਮਿਕਤਾਵਾਂ ਅਨੁਸਾਰ ਖਰਚ ਕਰਨਾ ਹੁੰਦਾ ਹੈ। ਰਜਿਸਟ੍ਰੇਸ਼ਨ ਦਾ ਟੈਕਸ ਸੜਕਾਂ ਲਈ ਨਹੀਂ ਹੁੰਦਾ ਕਿ ਉਸ ਟੈਕਸ ਨਾਲ ਸੜਕਾਂ ਅਤੇ ਪੁਲ ਆਦਿ ਬਣ ਸਕਣ।

ਖੈਰ, ਸਰਕਾਰ ਨੂੰ ਮਿਆਰੀ ਸੜਕ ਤਾਂ ਦੇਣੀ ਹੀ ਪਵੇਗੀ। ਪੰਜਾਬ ਦੀ ਮੌਜੂਦਾ ਸਰਕਾਰ ਨੇ ਜਿਹਨਾਂ ਸੜਕਾਂ ਉੱਤੇ ਟੋਲ ਪਲਾਜ਼ੇ ਬੰਦ ਕਰਵਾਏ, ਉਹਨਾਂ ਨੂੰ ਉਸੇ ਤਰ੍ਹਾਂ ਸੰਭਾਲਣ ਅਤੇ ਚਲਾਉਣ ਵਿੱਚ ਹੁਣ ਕੋਈ ਕਮਜ਼ੋਰੀ ਨਹੀਂ ਦਿਖਾਉਣੀ ਹੋਏਗੀ। ਭਾਵੇਂ ਹੁਣ ਉਹਨਾਂ ਸੜਕਾਂ ਦੀ ਉਸਾਰੀ ਉੱਤੇ ਖਰਚਾ ਨਹੀਂ ਹੋਣਾ, ਜਿੰਨਾ ਸੜਕ ਬਣਾਉਣ ਵੇਲੇ ਹੋਇਆ ਸੀ। ਕੇਵਲ ਸੰਭਾਲਣ ਦਾ ਖਰਚਾ ਹੀ ਕਰਨਾ ਪੈਣਾ ਹੈ। ਇਸ ਲਈ ਟੋਲ ਪਲਾਜ਼ਾ ਮੁੜ ਲਗਾਉਣਾ ਜਾਇਜ਼ ਨਹੀਂ। ਅਸੀਂ ਇਹ ਵੀ ਕਹਿਣਾ ਜ਼ਰੂਰੀ ਸਮਝਦੇ ਹਾਂ ਕਿ ਇਹਨਾਂ ਦਾ ਰੱਖ-ਰਖਾਅ ਮਹਿਕਮੇ ਰਾਹੀਂ ਹੋਣਾ ਚਾਹੀਦਾ ਹੈ। ਵਰਨਾ ਠੇਕੇਦਾਰਾਂ ਦੀ ਬੇਈਮਾਨੀ ਮਾੜੀ ਸੜਕ ਦੇ ਰੂਪ ਵਿੱਚ ਲੋਕਾਂ ਅਤੇ ਸਰਕਾਰ ਨੂੰ ਬਰਾਬਰ ਭੁਗਤਣੀ ਪਵੇਗੀ। ਹਾਲਾਂਕਿ ਟੋਲ ਰੋਡ ਦਾ ਨਿਰਮਾਣ ਅਤੇ ਰੱਖ-ਰਖਾਅ ਕੰਪਨੀ ਪਹਿਲਾਂ ਵੀ ਠੇਕੇ ਉੱਤੇ ਹੀ ਕਰਵਾਉਂਦੀ ਸੀ, ਪਰ ਕੰਪਨੀ ਵਰਗੀ ਕਰੜਾਈ ਸਰਕਾਰ ਨਹੀਂ ਕਰ ਸਕਦੀ।

ਸੰਭਾਵਤ ਖਤਰਾ ਇਹ ਹੈ ਕਿ ਟੋਲ ਪਲਾਜ਼ੇ ਜਿਹੜੀ ਵੀ ਸੜਕ ਦੇ ਚੁੱਕੇ ਗਏ, ਉਹਨਾਂ ਸੜਕਾਂ ਵਿੱਚ ਖੱਡੇ ਪੈਣੇ ਸ਼ੁਰੂ ਹੋ ਗਏ ਹਨ ਅਤੇ ਮੁਰੰਮਤ ਕਰਨ ਦੀ ਕੋਈ ਸੰਭਾਵਨਾ ਨਹੀਂ, ਕਿਉਂਕਿ ਸੜਕ ਨਿਰਮਾਣ ਵਿਭਾਗ ਕੋਲ ਨਾ ਹੀ ਲੇਬਰ ਹੈ, ਨਾ ਹੀ ਲੋੜੀਂਦਾ ਸਾਜ਼ੋ-ਸਮਾਨ ਹੈ। ਜੇਕਰ ਮੁੜ ਟੋਲ ਟੈਕਸ ਸ਼ੁਰੂ ਹੋਏ ਤਾਂ ਨਾਗਰਿਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਉਹਨਾਂ ਦੀ ਰਾਜਨੀਤਕ ਚੇਤਨਾ ਦੀ ਕਮੀ ਹੈ। ਜਿਸ ਟੋਲ ਪਲਾਜ਼ੇ (ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਉੱਤੇ ਨੱਕੀਆਂ) ਦੇ ਸਮਝੌਤੇ ਦੀ ਉਪਰ ਗੱਲ ਕੀਤੀ ਗਈ ਹੈ, ਉਸ ਦੇ ਸਲਾਨਾ ਖਰਚਿਆਂ ਵਿੱਚ ਦਰਜ ਹੈ ਕਿ ਹਰ ਪੰਜ ਸਾਲ ਬਾਅਦ ਟਾਰਿੰਗ ਦਾ ਖਰਚਾ ਜੁੜਦਾ ਹੈ। ਵਿਚਕਾਰ ਦੇ ਹਰ ਸਾਲ ਦਾ ਖਰਚਾ ਘੱਟ ਹੈ। ਜਾਗਦੇ ਰਹੋ, ਜੇਕਰ ਸੜਕ ਉੱਤੇ ਮੁਰੰਮਤ ਨਾ ਹੋਈ, ਖੱਡੇ ਪੈਂਦੇ ਗਏ ਤਾਂ ਸਾਡੀ ਅਨਪੜ੍ਹਤਾ ਬੋਲ ਉੱਠੇਗੀ, 'ਟੋਲ ਪਲਾਜ਼ਾ ਭਾਵੇਂ ਲਗਾ ਲਓ, ਪਰ ਸੜਕ ਪਹਿਲਾਂ ਵਰਗੀ ਦੇ ਦਿਓ।' ਕਿਧਰੇ ਸਰਕਾਰ ਦੀ ਇਹੀ ਮਨਸ਼ਾ ਤਾਂ ਨਹੀਂ।

**# ਸੰਪਰਕ : 94176-52947**

# ਬੰਧੂਆ ਮਜ਼ਦੂਰਾਂ ਦੇ ਜ਼ਿੰਮੇਵਾਰ ਕੌਣ ?



ਅਮੀਰ ਸਿੰਘ ਜੋਸਨ

ਗੁਰੂਆਂ ਦੀ ਧਰਤੀ ਪੰਜਾਬ ਏਰੀਏ ਦੇ ਪਿੰਡਾਂ ਵਾਲੇ ਆਪਣਾ ਫਰਜ਼ ਨਹੀਂ ਨਿਭਾਅ ਰਹੇ, ਹਜ਼ਾਰਾਂ ਦੇ ਹਿਸਾਬ ਨਾਲ ਮਾਨਸਿਕ ਸੰਤੁਲਨ ਗੁਆਏ ਵਰ੍ਹਿਆਂ ਤੋਂ ਬੰਧੂਆ ਮਜ਼ਦੂਰ ਬਣਾ ਰੱਖੇ ਦੀਆਂ ਵੀਡੀਓਜ਼ ਵੇਖ ਰੂਹ ਕੰਬਦੀ ਆ ਕਿ ਪੰਜਾਬੀ ਲੋਕ ਐਨੇਂ ਵੀ ਗਏ ਗੁਜ਼ਰੇ ਹੋ ਗਏ ਹਨ। ਵੇਖ ਕੇ ਯਕੀਨ ਨਹੀਂ ਆ ਰਿਹਾ, ਮਾਨਸਿਕ ਸੰਤੁਲਨ ਗੁਆਏ ਆਦਮੀ ਜਾਂ ਔਰਤਾਂ ਨੂੰ ਨਸ਼ਾ ਦੇ ਕੇ ਹਰ ਕੰਮ ਕਰਵਾ ਰਹੇ ਹਨ। ਉਨ੍ਹਾਂ ਕੋਲੋਂ ਚੰਗੇ-ਚੰਗੇ ਘਰਾਂ ਦੇ ਪੰਜਾਬੀ ਪਰਵਾਰ ਗੋਹਾ-ਕੂੜਾ ਕਰਨ ਤੋਂ ਬਾਅਦ ਸੰਗਲ ਨਾਲ ਬੰਨ੍ਹੀ ਰੱਖਦੇ ਹਨ। ਇਨ੍ਹਾਂ ਵਿੱਚ ਯੂ ਪੀ, ਬਿਹਾਰ ਦੇ ਤਾਂ ਬੰਧੂਆ ਮਜ਼ਦੂਰ ਹੈ ਹੀ ਹਨ, ਪਰ ਕਈ ਚੰਗੇ-ਚੰਗੇ ਘਰਾਂ ਦੇ ਪੰਜਾਬੀਆਂ ਨੂੰ ਹੀ ਗੋਹਾ-ਕੂੜਾ ਕਰਨ ਲਈ ਸੰਗਲ ਨਾਲ ਬੰਨ੍ਹੀ ਬੰਧੂਆ ਮਜ਼ਦੂਰ ਬਣਾਈ ਬੈਠੇ ਹਨ। ਧਿਰਗ ਆ ਐਹੋ ਜਿਹੇ ਲੋਕਾਂ 'ਤੇ ਐਨੇ ਪੱਥਰ ਦਿਲ, ਐਨੇ ਜ਼ਾਲਮ ਇਹ ਲੋਕ, ਜੋ ਦਿਮਾਗੀ ਸੰਤੁਲਨ ਗੁਆਏ ਬੇ-ਸਮਝ ਜਿਹਨਾਂ ਲੋਕਾਂ ਨੂੰ ਵੀ ਪਤਾ ਕਿ ਉਹ ਕਿੱਥੋਂ ਦੇ ਰਹਿਣ ਵਾਲੇ ਹਨ, ਉਨ੍ਹਾਂ ਦੇ ਮਾਂ-ਪਿਉ ਕੌਣ ਹਨ।

ਉਨ੍ਹਾਂ ਦਾ ਘਰ ਕਿੱਥੇ ਹੈ। ਇਹ ਘਟੀਆ ਕਿਸਮ ਦੇ ਲੋਕ ਉਨ੍ਹਾਂ ਨੂੰ ਸੰਗਲਾ ਨਾਲ ਬੰਨ੍ਹ ਕੇ ਆਪ ਵਿਹਲੇ ਰਹਿੰਦੇ ਹਨ। ਇਹ ਕੇਸ ਹਜ਼ਾਰਾਂ ਵਿੱਚ ਹਨ। ਇਨ੍ਹਾਂ ਨੂੰ ਕੀ ਸਜ਼ਾ ਹੋਵੇ, ਐਹੋ ਜਿਹੇ ਲੋਕਾਂ ਦੀ ਕਿੰਦਾਂ ਦੀ ਹੋਊ ਇਹੋ ਜਿਹੇ ਦਰਿੰਦਿਆਂ ਦੀ ਅਗਲੀ ਨਸਲ ਜੋ ਇਹਨਾਂ ਨੂੰ ਆਪਣੀਆਂ ਅੱਖਾਂ ਸਾਹਮਣੇ ਦਰਿੰਦਗੀ ਕਰਦੇ ਵੇਖਦੀ ਆ। ਕਈ ਸੇਵਾ ਸੁਸਾਇਟੀਆਂ ਆਪਣਾ ਫਰਜ਼ ਨਹੀਂ ਨਿਭਾਅ ਰਹੀਆਂ, ਪਰ ਕੀ ਲਾਗੇ ਰਹਿੰਦੇ ਲੋਕ ਇਹ ਜਾਣਦੇ ਹੋਏ ਵੀ ਕਿ ਇਹ ਜੋ ਇਨਸਾਨ ਬਿਨਾਂ ਪੈਸੇ ਤੋਂ ਕੰਮ ਕਰ ਰਿਹਾ ਹੈ, ਇਸ ਦਾ ਦਿਮਾਗੀ ਸੰਤੁਲਨ ਠੀਕ ਨਹੀਂ, ਉਸ ਦੀ ਕੋਈ ਸਹਾਇਤਾ ਨਹੀਂ ਕਰਦੇ, ਉਸ ਨੂੰ ਵੇਖ ਕਿ ਇਹ ਜਾਣਦੇ ਹੋਏ ਵੀ ਅਣਜਾਨ ਬਣੇ ਰਹਿੰਦੇ ਹਨ। ਕੀ ਉਹ ਲੋਕ ਬੁਜ਼ਦਿਲ ਨਹੀਂ ਤਾਂ ਹੋਰ ਕੀ ਹਨ। ਉਨ੍ਹਾਂ ਵਿੱਚ ਕੀ ਉਹ ਪੰਜਾਬੀਅਤ ਮਰ ਚੁੱਕੀ ਹੈ। ਜੋ ਉਨ੍ਹਾਂ ਨੂੰ ਗੁਰੂਆਂ ਨੇ ਬਖਸ਼ੀ ਸੀ। ਕੀ ਹੁਣ ਉਹ ਪੰਜਾਬੀ ਕਹਾਉਣ ਦੇ ਲਾਈਕ ਨਹੀਂ ਰਹੇ, ਸ਼ਾਇਦ ਇਸੇ ਕਰਕੇ ਹੀ ਹੁਣ ਪੰਜਾਬੀਆਂ ਨੂੰ ਨਜ਼ਰ ਲੱਗ ਚੁੱਕੀ ਹੈ ਤਾਂ ਹੀ ਤਾਂ ਪੰਜਾਬ ਨਸ਼ਿਆਂ ਵਿੱਚ ਗੋਤੇ ਖਾ ਰਿਹਾ ਹੈ । ਅੱਪੁਸ਼ਕ ਪੰਜਾਬੀ ਅੱਜ ਹਬਸ਼ੀਆ ਤੋਂ ਲੈ ਜੀਵਾਣੂੰ ਰਾਹੀਂ ਬੱਚੇ ਪੈਦਾ ਕਰ ਰਹੇ ਹਨ। ਪੰਜਾਬ ਵਿੱਚ ਉਹ ਵੀ ਦੱਬੇ-ਕੁਚਲੇ ਲੋਕ ਹਨ, ਜੋ ਪੀੜ੍ਹੀ-ਦਰ-ਪੀੜ੍ਹੀ ਕਰਜ਼ੇ ਵਿੱਚ ਦੱਬੇ ਰਹਿੰਦੇ ਹਨ, ਉਹ ਵੀ ਜੋ ਬੰਧੂਆ ਮਜ਼ਦੂਰ ਬਣ ਜਾਂਦੇ ਹਨ। ਬੰਧੂਆ ਮਜ਼ਦੂਰੀ ਜਿਸ ਨੂੰ ਕਰਜ਼ੇ ਦੀ ਗੁਲਾਮੀ ਵੀ ਕਿਹਾ ਜਾਂਦਾ ਹੈ ਅਤੇ ਜਿਸ ਵਿਅਕਤੀ ਤੋਂ ਕਰਜ਼ਾ ਲਿਆ ਹੈ, ਉਸ ਦਾ ਇੱਕ ਤਰ੍ਹਾਂ ਮਜ਼ਦੂਰ 'ਤੇ ਕੁਝ ਨਹੀਂ ਪੂਰਾ ਨਿਯੰਤਰਣ ਹੋ ਜਾਂਦਾ ਹੈ। ਕਰਜ਼ਾ ਦੇਣ ਲੱਗਿਆਂ, ਲੈਣ ਲੱਗਿਆਂ ਉਹ ਹਰ ਸ਼ਰਤ ਮੰਨਾਅ ਲਈ ਜਾਂਦੀ ਹੈ ਤਾਂ ਜੋ ਬੰਧੂਆ ਮਜ਼ਦੂਰੀ ਪੀੜ੍ਹੀ-ਦਰ-ਪੀੜ੍ਹੀ ਚੱਲਦੀ ਰਹਿ ਸਕੇ।

ਜਦੋਂ ਕਰਜ਼ੇ ਦੀ ਅਦਾਇਗੀ ਲਈ ਮੋੜਨ ਦਾ ਇੱਕ ਵਾਅਦਾ ਇੱਕ ਵਿਅਕਤੀ ਦੁਆਰਾ ਕੀਤਾ ਜਾਂਦਾ ਹੈ, ਤਾਂ ਮਾਲਕ ਅਕਸਰ ਗੈਰ ਕਾਨੂੰਨੀ ਢੰਗ ਨਾਲ ਵਿਆਜ ਦਰਾਂ ਨੂੰ ਇੱਕ ਗੈਰ ਤਰੀਕੇ ਨਾਲ ਵਿਆਜ ਦਰ ਵਧਾ ਕੇ ਰੱਖਦਾ ਹੈ, ਜਿਸ ਨਾਲ ਵਿਅਕਤੀ ਲਈ ਬੰਧੂਆ ਮਜ਼ਦੂਰੀ ਛੱਡਣਾ ਅਸੰਭਵ ਹੋ ਜਾਂਦਾ ਹੈ, ਕਿਉਂਕਿ ਜਿਸ ਰਫਤਾਰ ਨਾਲ ਮੂਲ ਰਕਮ ਮਜ਼ਦੂਰੀ ਨਾਲ ਘੱਟ ਹੁੰਦੀ ਹੈ, ਉਸੇ ਦਰ ਨਾਲ ਵਿਆਜ ਵਿੱਚ ਜੁੜ ਕੇ ਉਸ ਰਕਮ ਨੂੰ ਉਨ੍ਹਾ ਹੀ ਕਰ ਦਿੰਦਾ ਹੈ। ਜਦੋਂ ਬੰਧੂਆ ਮਜ਼ਦੂਰ ਦੀ ਮੌਤ ਹੋ ਜਾਂਦੀ ਹੈ, ਤਾਂ ਕਰਜ਼ੇ ਅਕਸਰ ਬੱਚਿਆਂ 'ਤੇ ਪਾ ਦਿੱਤੇ ਜਾਂਦੇ ਹਨ। ਜੋ ਫਿਰ ਉਸ ਚੱਕੀ ਵਿੱਚ ਜ਼ਿੰਦਗੀ ਗਾਲ ਦਿੰਦੇ ਹਨ। ਖੇਤਾਂ, ਇੱਟਾਂ ਦੇ ਭੱਠਿਆਂ, ਖਾਣਾਂ, ਘਰਾਂ, ਹੋਟਲਾਂ ਤੇ ਹੋਰ ਸਭਨਾਂ ਥਾਵਾਂ 'ਤੇ ਕੰਮ ਕਰਨ ਵਾਲੇ ਇਹਨਾਂ ਮਜ਼ਦੂਰਾਂ ਤੋਂ ਕਈ-ਕਈ ਘੰਟੇ ਤੱਕ ਸਖਤ ਕੰਮ ਲਿਆ ਜਾਂਦਾ ਹੈ। ਨਿੱਤ ਦਿਨ ਕੁੱਟਮਾਰ ਤੇ ਗਾਲੀ-ਗਲੋਚ ਝੱਲਣਾ ਇਹਨਾਂ ਦੇ ਕੰਮ ਦਾ ਹਿੱਸਾ ਬਣ ਜਾਂਦਾ ਹੈ। ਇਨ੍ਹਾਂ ਦੀ ਖ਼ੁਰਾਕ, ਸਫਾਈ, ਸਿਹਤ ਤੇ ਸੁਰੱਖਿਆ ਪੱਖੋਂ ਹਾਲਤਾਂ ਬਿਆਨ ਨਹੀਂ ਕੀਤੇ ਜਾ ਸਕਦੇ। ਇਹ ਬਹੁਤੀ ਹੱਦ ਤੱਕ ਮਾੜੇ ਹਨ। ਉਨ੍ਹਾਂ ਗਰੀਬ, ਦਲਿਤ, ਆਦਿਵਾਸੀਆਂ ਅਤੇ ਪੱਛੜੀਆਂ ਜਾਤੀਆਂ 'ਤੇ ਜ਼ੁਲਮ ਅਤੇ ਅੱਤਿਆਚਾਰ ਦੀਆਂ ਘਟਨਾਵਾਂ ਵਿੱਚ ਕਈ ਗੁਣਾ ਵਾਧਾ ਹੀ ਹੁੰਦਾ ਹੈ, ਕਦੇ ਵੀ ਘਾਟਾ ਨਹੀਂ ਦਰਜ ਕੀਤਾ ਗਿਆ ਹੈ। ਇਹ ਦੱਬੇ ਹੋਏ ਲੋਕ ਕਰਜ਼ੇ ਦੇ ਭਾਰ ਹੇਠ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ। ਪ੍ਰਸ਼ਾਸਨ ਸਭ ਕੁਝ ਜਾਣਦੇ ਹੋਏ ਵੀ ਆਪਣੀਆਂ ਅੱਖਾਂ ਅਤੇ ਕੰਨ ਬੰਦ ਕਰਕੇ ਬੈਠਾ ਹੋਇਆ ਹੈ। ਇਸ ਲਈ ਹੀ ਇਸ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਵੀ ਇਨ੍ਹਾਂ ਲੋਕਾਂ ਨੂੰ ਉਚਿੱਤ ਮਦਦ ਨਹੀਂ ਮਿਲਦੀ ਹੈ। ਬੰਧੂਆ ਮਜ਼ਦੂਰੀ ਦੇ ਸਿਰ 'ਤੇ ਚੱਲਦੀਆਂ ਸਨਅੱਤਾਂ ਅੰਦਰ ਵੱਡੀ ਗਿਣਤੀ ਬੱਚਿਆਂ ਨੂੰ ਘਰ-ਨੁਮਾ ਫੈਕਟਰੀਆਂ ਅੰਦਰ ਭੀੜੇ, ਅੱਤ ਦੇ ਗੰਦੇ ਤੇ ਨਾਮਾਤਰ ਰੌਸ਼ਨੀ ਵਾਲੇ ਕਮਰਿਆਂ ਵਿੱਚ ਤਾੜ ਕੇ ਰੱਖਿਆ ਜਾਂਦਾ ਹੈ। ਸਾਹ ਦੀਆਂ ਬਿਮਾਰੀਆਂ, ਟੀ ਬੀ, ਫੇਫੜਿਆਂ ਦੇ ਰੋਗ ਇਹਨਾਂ ਬੱਚਿਆਂ ਵਿੱਚ ਆਮ ਹੀ ਪਾਏ ਜਾਂਦੇ ਹਨ। ਇਹਨਾਂ ਅਲਾਮਤਾਂ ਦਾ ਸ਼ਿਕਾਰ ਬਣੇ ਅਨੇਕਾਂ ਬੱਚੇ ਜਵਾਨੀ ਦੀ ਦਹਿਲੀਜ਼ ਚੜ੍ਹਨ ਤੋਂ ਪਹਿਲਾਂ ਹੀ ਮੌਤ ਦੇ ਮੂੰਹ ਜਾ ਪੈਂਦੇ ਹਨ। ਧਨਾਢ ਚੌਧਰੀਆਂ ਦੇ ਗੁਲਾਮ ਬੰਧੂਆ ਮਜ਼ਦੂਰਾਂ ਨੂੰ ਕੱਢਣ ਲਈ ਪੇਂਡੂ ਮਜ਼ਦੂਰਾਂ ਨੂੰ ਕੋਆਪਰੇਟਿਵ ਸੁਸਾਇਟੀਆਂ ਵਿੱਚ ਬਿਨਾਂ ਸ਼ਰਤ ਮੈਂਬਰ ਹਿੱਸੇਦਾਰ ਬਣਾਇਆ ਜਾਵੇ।

ਪੰਜਾਬ ਰਾਜ ਐਸ ਸੀ ਕਮਿਸ਼ਨ ਨੇ ਵੀ ਬੇਜ਼ਮੀਨੇ ਦਲਿਤ ਮਜ਼ਦੂਰਾਂ 'ਤੇ ਹੋ ਰਹੇ ਅੱਤਿਆਚਾਰ ਵੇਖ ਕੇ ਚੁੱਪ ਧਾਰੀ ਹੋਈ ਹੈ, ਪੇਂਡੂ ਮਜ਼ਦੂਰਾਂ ਨੂੰ ਸਸਤੇ ਵਿਆਜ ਦਰਾਂ ਉੱਪਰ ਵੱਧ ਤੋਂ ਵੱਧ ਕਰਜ਼ੇ ਦਿੱਤੇ ਜਾਣ ਤਾਂ ਕਿ ਪੇਂਡੂ ਮਜ਼ਦੂਰ ਧਨਾਢ ਚੌਧਰੀਆ ਦੇ ਜਿਹੜੇ ਪੀੜ੍ਹੀ-ਦਰ-ਪੀੜ੍ਹੀ ਗੁਲਾਮ ਲੋਕ ਹਨ, ਉਹਨਾਂ ਬੰਧੂਆ ਮਜ਼ਦੂਰਾਂ ਦੀ ਵੀ ਗੁਲਾਮੀ ਖਤਮ ਹੋ ਸਕੇ। ਇਸ ਤੋਂ ਇਲਾਵਾ ਹੋਰ ਮੰਗਾਂ ਵੀ ਪੂਰੀਆਂ ਕੀਤੀਆਂ ਜਾਣ, ਜਿਸ ਨੇ ਮੁਲਕ ਅੰਦਰ ਗਰੀਬੀ, ਭੁੱਖਮਰੀ, ਜ਼ਲਾਲਤ, ਲੁੱਟ-ਖੋਹ, ਦਾਬੇ, ਵਿਤਕਰੇ ਅਤੇ ਜਬਰ-ਜ਼ੁਲਮ ਨੂੰ ਕਾਇਮ ਰੱਖਿਆ ਹੋਇਆ ਹੈ। ਬੜੇ ਹਿਰਖੇ ਮਨ ਨਾਲ ਕਹਿਣਾ ਪੈਂਦਾ ਹੈ ਕਿ ਅਪਰਾਧੀ ਨੂੰ ਸਜ਼ਾ ਨਹੀਂ ਮਿਲਦੀ। ਇਸ ਲਈ ਸਖਤ ਕਾਨੂੰਨ ਬਣਾਏ ਜਾਣ ਦੀ ਲੋੜ ਹੈ, ਜਦੋਂ ਤੱਕ ਅਪਰਾਧੀ ਨੂੰ ਉਸ ਦੇ ਜੁਰਮ ਦੀ ਸਜ਼ਾ ਤੁਰੰਤ ਜਾਂ ਨਿਸ਼ਚਿਤ ਸਮੇਂ ਵਿੱਚ ਦਿੱਤੀ ਜਾਣੀ ਚਾਹੀਦੀ ਹੈ ਅਤੇ ਪੀੜਤ ਨੂੰ ਵੀ ਨਵਾਂ ਜੀਵਨ ਮਿਲਣ ਦੀ ਗਾਰੰਟੀ ਦਿੱਤੀ ਜਾਣੀ ਚਾਹੀਦੀ ਹੈ। ਇਨਸਾਨ ਨੂੰ ਵੇਚਣਾ, ਖਰੀਦਣਾ ਤੇ ਬੰਧੂਆ ਮਜ਼ਦੂਰ ਬਣਾਉਣਾ ਤੇ ਸਰੀਰਕ ਸ਼ੋਸ਼ਣ ਕਰਕੇ ਉਸ ਦੀ ਜ਼ਿੰਦਗੀ ਨੂੰ ਨਰਕ ਬਣਾ ਦੇਣਾ ਇਸ ਤੋਂ ਵੱਡਾ ਕੋਈ ਅਪਰਾਧ ਨਹੀਂ ਹੋ ਸਕਦਾ। ਇਸ ਖੇਤਰ 'ਚ ਰੋਅਬ ਰੱਖਣ ਵਾਲੇ ਲੋਕਾਂ ਦਾ ਦਬਦਬਾ ਕਾਇਮ ਹੈ ਅਤੇ ਗਰੀਬ ਭਾਈਚਾਰੇ ਦੇ ਲੋਕਾਂ ਨਾਲ ਧੱਕੇਸ਼ਾਹੀ ਕਰਦੇ ਹੀ ਰਹਿੰਦੇ ਹਨ। ਸਿਆਸੀ ਲੀਡਰਾਂ ਦੀ ਸ਼ਹਿ ਕਰਕੇ ਉਨ੍ਹਾਂ 'ਤੇ ਕੋਈ ਕਾਰਵਾਈ ਵੀ ਨਹੀਂ ਹੁੰਦੀ ਹੈ। ਇਸ ਲਈ ਭਾਵੇਂ ਪਹਿਲਾਂ ਵੀ ਕਈ ਕਨੂੰਨ ਹਨ, ਪਰ ਅਪਰਾਧੀ ਲੋਕ ਇਨ੍ਹਾਂ ਕਨੂੰਨਾਂ ਵਿੱਚ ਕਮਜ਼ੋਰੀਆਂ ਹੋਣ ਕਾਰਨ ਬਚ ਨਿਕਲਦੇ ਹਨ । ਇਸ ਲਈ ਸਖਤ ਕਾਨੂੰਨ ਦੀ ਲੋੜ ਹੈ ਤਾਂ ਕਿ ਜਿਸ ਨੇ ਅਪਰਾਧ ਕੀਤਾ ਹੈ, ਉਸ ਨੂੰ ਕਾਨੂੰਨ ਮੁਤਾਬਿਕ ਬਣਦੀ ਸਜ਼ਾ ਮਿਲ ਸਕੇ।

ਪੰਜਾਬ ਵਿੱਚ ਵੱਡੀ ਪੱਧਰ 'ਤੇ ਉਹ ਲੋਕ ਜੋ ਸਾਰੀ ਜ਼ਿੰਦਗੀ ਸੀਰ ਕਰ ਕੇ ਗੁਜ਼ਾਰ ਦਿੰਦੇ ਨੇ, ਆਖਰ 'ਤੇ ਜਦੋਂ ਮਰ ਵੀ ਜਾਣ ਤਾਂ ਕਰਜ਼ਾ ਜਿਓਂ ਦਾ ਤਿਉਂ ਹੀ ਰਹਿੰਦਾ ਹੈ । ਸਾਰੀ ਜ਼ਿੰਦਗੀ ਕੰਮ ਦੀ ਖਾਤਰ ਸੀਰੀ ਨੂੰ ਨਸ਼ਾ ਖਵਾ ਕੇ ਉਸ ਦੀ ਦੇਹ ਦੀ ਤਾਕਤ ਤੋਂ ਵੱਧ ਕੰਮ ਲਿਆ ਜਾਂਦਾ ਹੈ । ਇਹ ਇਕ ਅਪਰਾਧ ਨਹੀਂ ਤਾਂ ਹੋਰ ਕੀ ਹੈ। ਕਤਲ ਕਰਨ ਵਾਲਾ ਜ਼ਰੂਰੀ ਨਹੀਂ ਅਪਰਾਧੀ ਹੋਵੇ ਕਿਉਂਕਿ ਕਤਲ ਕਈ ਵਾਰ ਮਜਬੂਰੀ ਵਿੱਚ ਵੀ ਕਰਨਾ ਪੈਂਦਾ ਹੈ। ਪਰ ਨਸ਼ਾ ਖਵਾ ਕਿ ਕੰਮ ਲੈਣਾ ਇਹ ਅਪਰਾਧ ਜ਼ਰੂਰ ਹੈ। ਕਿਹਾ ਜਾਂਦਾ ਹੈ ਕੇ ਸੀਰੀਆਂ ਨੂੰ ਨਸ਼ਾ ਦਿੰਦੇ ਦਿੰਦੇ ਸਰਮਾਏਦਾਰਾਂ ਦੇ ਕਾਕੇ ਵੀ ਦਿੱਤੇ ਹੋਏ ਨਸ਼ੇ ਦੇ ਹੱਥਾਂ ਨੂੰ ਚੱਟਦੇ-ਚੱਟਦੇ ਨਸ਼ੇ ਦੇ ਆਦੀ ਹੋ ਜਾਂਦੇ ਨੇ। ਸ਼ਾਇਦ ਇਸ ਕਰਕੇ ਹੀ ਪੰਜਾਬੀ ਨਸ਼ਈ ਹੋ ਗਏ ਹਨ। ਇਨ੍ਹਾਂ ਮਜ਼ਦੂਰਾਂ ਨੂੰ ਛੁਡਾਉਣ ਲਈ ਸਵੈ ਸੇਵਕ ਤੇ ਪ੍ਰਸ਼ਾਸ਼ਨ ਨੂੰ ਅੱਗੇ ਆਉਣਾ ਚਾਹੀਦਾ ਹੈ।

**# ਸੰਪਰਕ : 9417915875**

# ਇਜ਼ਰਾਈਲ ਵੱਲੋਂ ਫਲਸਤੀਨੀਆਂ ਦੇ ਕਤਲੇਆਮ ਦੀ ਘਿਨਾਉਣੀ ਮੁਹਿੰਮ

**ਨਰਭਿੰਦਰ**

ਗਾਜ਼ਾ ਦੇ ਉੱਤਰੀ ਹਿੱਸੇ ਨੂੰ ਇਜ਼ਰਾਈਲ ਵੱਲੋਂ ਕੀਤੀ ਗਈ ਅੰਧਾਧੁੰਦ ਬੰਬਾਰੀ ਨੇ ਤਹਿਸ-ਨਹਿਸ ਕਰ ਦਿੱਤਾ ਹੈ। ਬਹੁ-ਮੰਜ਼ਲੀਆਂ ਇਮਾਰਤਾਂ ਹੀ ਨਹੀਂ,ਚਰਚ, ਮਸਜਿਦ ਤੇ ਹਸਪਤਾਲ ਤੱਕ ਨੂੰ ਨਹੀਂ ਬਖਸ਼ਿਆ। ਢਹਿ-ਢੇਰੀ ਹੋਏ ਸ਼ਹਿਰ 'ਚ ਲੱਗਭੱਗ 11180 ਮਾਰੇ ਜਾ ਚੁੱਕੇ ਹਨ, ਜਿਸ 'ਚ 5000 ਬੱਚੇ ਵੀ ਹਨ। ਇੱਕ ਸਾਲ ਤੋਂ 7 ਸਾਲ ਦਰਮਿਆਨ, 2500 ਔਰਤਾਂ ਹਨ, 22000 ਤੋਂ ਵੱਧ ਜ਼ਖ਼ਮੀ ਹਨ। ਇਜ਼ਰਾਈਲ ਨੇ ਹਸਪਤਾਲਾਂ ਨੂੰ ਵਿਸ਼ੇਸ਼ ਨਿਸ਼ਾਨਾ ਬਣਾਇਆ ਹੈ। ਇਹ ਕੌਮਾਂਤਰੀ ਮਨੁੱਖੀ ਅਹਿਦਨਾਮਿਆਂ ਦੀ ਸਿੱਧੀ ਤੇ ਨੰਗੀ-ਚਿੱਟੀ ਉਲੰਘਣਾ ਹੈ। ਹੁਣ ਤੱਕ 222000 ਘਰ ਨੁਕਸਾਨੇ ਗਏ ਹਨ ਤੇ 40000 ਬਿਲਕੁੱਲ ਤਬਾਹ ਹੋ ਗਏ ਹਨ। ਇਹ ਨਰਸੰਹਾਰ ਪਿਛਲੇ 7 ਅਕਤੂਬਰ ਪਿੱਛੋਂ ਸ਼ੁਰੂ ਹੋਇਆ ਹੈ, ਜਦੋਂ ਫਲਸਤੀਨੀਆਂ ਦੀ ਇੱਕ ਖਾੜਕੂ ਜਥੇਬੰਦੀ ਹਮਾਸ ਨੇ ਇਜ਼ਰਾਈਲ ਵੱਲੋਂ ਗਾਜ਼ਾ ਪੱਟੀ ਦੀ ਕੀਤੀ ਘੇਰਾਬੰਦੀ ਨੂੰ ਨਿਸ਼ਾਨਾ ਬਣਾਇਆ। ਜ਼ਮੀਨ, ਅਸਮਾਨੋਂ ਤੇ ਸਮੁੰਦਰੀ ਰਾਹਾਂ ਰਾਹੀਂ ਕੀਤਾ ਗਿਆ ਹਮਾਸ ਦਾ ਹਮਲਾ ਅਚਾਨਕ ਸੀ। ਸਾਲਾਂਬੱਧੀ ਫਲਸਤੀਨੀਆਂ ਦੀ ਕੀਤੀ ਗਈ ਨਾਕੇਬੰਦੀ ਤੇ ਨਸਲਕੁਸ਼ੀ ਦੇ ਸਿੱਟੇ ਵਜੋਂ ਇੱਕ ਰੋਸ ਵਜੋਂ ਸੀ, ਪਰ ਇਜ਼ਰਾਈਲ ਬੌਖਲਾ ਗਿਆ। ਬੈਂਜ਼ਾਮਿਨ ਨੇਤਨਯਾਹੂ ਦੀ ਹਕੂਮਤ ਨੇ ਗਾਜ਼ਾ ਪੱਟੀ 'ਚ ਰਹਿੰਦੀ ਫਲਸਤੀਨੀ ਅਬਾਦੀ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ ਤੇ ਇਹ ਭਿਆਨਕ ਬੰਬਾਰੀ ਜਾਰੀ ਹੈ। ਮਿਜ਼ਾਈਲਾਂ ਨਾਲ ਕੀਤੇ ਜਾ ਰਹੇ ਹਮਲਿਆਂ ਨੇ ਕੁਝ ਨਹੀਂ ਵੇਖਿਆ। ਬੈਂਜ਼ਾਮਿਨ ਕਹਿ ਰਿਹਾ ਹੈ ਕਿ ਫਲਸਤੀਨ ਨੂੰ ਮਿੱਟੀ 'ਚ ਮਿਲਾ ਦੇਵੇਗਾ।

ਗਾਜ਼ਾ ਪੱਟੀ ਇੱਕ ਛੋਟਾ ਜਿਹਾ ਫਲਸਤੀਨੀ ਇਲਾਕਾ ਹੈ। ਇਜ਼ਰਾਈਲ ਨੇ ਇਸ ਦੀ ਤਿੰਨਾਂ ਪਾਸਿਆਂ ਤੋਂ ਨਾਕੇਬੰਦੀ ਕੀਤੀ ਹੋਈ ਹੈ ਤੇ ਇਹ ਵੀ 2007 ਤੋਂ। ਇਸੇ ਦੌਰਾਨ ਹਮਾਸ ਨਾਂਅ ਦਾ ਇਸਲਾਮੀ ਸੰਗਠਨ ਉਥੇ ਹਕੂਮਤ ਕਰ ਰਿਹਾ ਹੈ। ਇਜ਼ਰਾਈਲ ਨੇ ਫਲਸਤੀਨੀ ਖੇਤਰ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਗਾਜ਼ਾ ਪੱਟੀ, ਪੱਛਮੀ ਕਿਨਾਰਾ ਅਤੇ ਤੀਸਰਾ ਪੂਰਬੀ ਯੇਰੂਸ਼ਲਮ ਇੱਕ-ਦੂਸਰੇ ਨਾਲੋਂ ਕੱਟੇ ਹੋਏ ਹਨ। ਪੂਰਬੀ ਯੇਰੂਸ਼ਲਮ ਵਿੱਚ ਅਲ ਅਕਸਾ ਮਸਜਿਦ ਹੈ। ਇਸ ਤੋਂ ਵੱਧ ਫਲਸਤੀਨੀ ਅਬਾਦੀ ਇਜ਼ਰਾਈਲ ਦੇ ਅੰਦਰ ਹੀ ਰਹਿੰਦੀ ਹੈ। ਹਮਾਸ ਸੰਗਠਨ ਇਜ਼ਰਾਈਲ ਵੱਲੋਂ ਕਬਜ਼ੇ ਕੀਤੇ ਗਏ ਫਲਸਤੀਨੀ ਇਲਾਕਿਆਂ ਦੀ ਮੁਕਤੀ ਲਈ ਲੜ ਰਿਹਾ ਹੈ ਅਤੇ ਇਹ ਇਜ਼ਰਾਈਲ ਦੀ ਕਬਜ਼ਾਧਾਰੀ ਹਕੂਮਤ ਦੇ ਵਿਰੁੱਧ ਹਥਿਆਰਬੰਦ ਕਾਰਵਾਈਆਂ ਕਰਦਾ ਰਿਹਾ ਹੈ। ਪੱਛਮੀ ਕਿਨਾਰੇ ਵਾਲੇ ਪਾਸੇ ਅਲ ਫਤਿਹ ਨਾਂਅ ਦੀ ਇੱਕ ਜਥੇਬੰਦੀ ਹੈ, ਜਿਹਦਾ ਆਗੂ ਮੁਹੰਮਦ ਅੱਬਾਸ ਹੈ। ਮੁਹੰਮਦ ਅੱਬਾਸ ਦੀ ਸੱਤਾ ਇਜ਼ਰਾਈਲ ਨਾਲ ਤਾਲਮੇਲ ਬਣਾ ਕੇ ਕੰਮ ਕਰਦੀ ਹੈ, ਪਰ ਪੱਛਮੀ ਕਿਨਾਰੇ ਵਿੱਚ ਵੀ ਇਜ਼ਰਾਈਲ ਆਪਣੀਆਂ ਯਹੂਦੀ ਬਸਤੀਆਂ ਲਗਾਤਾਰ ਵਧਾ ਰਿਹਾ ਹੈ। ਇੱਥੇ ਇਜ਼ਰਾਈਲ ਫਲਸਤੀਨੀ ਲੋਕਾਂ ਦੇ ਪਿੰਡਾਂ, ਕਸਬਿਆਂ ਤੇ ਆਬਾਦੀ ਨੂੰ ਉਜਾੜ ਕੇ ਉਨ੍ਹਾਂ ਦੇ ਖੇਤਾਂ ਵਿੱਚ ਜਬਰੀ ਕਬਜ਼ਾ ਕਰਕੇ ਅਤੇ ਜੈਤੂਨ ਦੇ ਬਾਗਾਂ ਨੂੰ ਨਸ਼ਟ ਕਰਕੇ ਯਹੂਦੀ ਲੋਕਾਂ ਦੀਆਂ ਬਸਤੀਆਂ ਨੂੰ ਵਧਾਉਣ ਵਿੱਚ ਲੱਗਾ ਹੋਇਆ ਹੈ। ਲੱਗਭੱਗ ਪਿਛਲੇ 70 ਸਾਲਾਂ ਦੇ ਇਤਿਹਾਸ ਵਿੱਚ ਇਜ਼ਰਾਈਲ ਨੇ ਫਲਸਤੀਨੀ ਇਲਾਕੇ ਉਤੇ ਕਬਜ਼ਾ ਕਰਨ ਦੀ ਇਹੋ ਨੀਤੀ ਅਪਣਾਈ ਹੋਈ ਹੈ। ਜਦੋਂ ਫਲਸਤੀਨੀ ਲੋਕ ਇਹਦਾ ਵਿਰੋਧ ਕਰਦੇ ਹਨ ਤਾਂ ਇਜ਼ਰਾਈਲ ਦੀਆਂ ਹਥਿਆਰਬੰਦ ਫੌਜਾਂ ਦੇ ਦਸਤਿਆਂ ਦੀ ਹਮਾਇਤ ਨਾਲ ਯਹੂਦੀ ਹਥਿਆਰਬੰਦ ਦਸਤੇ ਹਮਲਾ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਉਜਾੜਦੇ ਤੇ ਮਾਰਦੇ ਹਨ ਅਤੇ ਕਈਆਂ ਨੂੰ ਫਰਜ਼ੀ ਕੇਸਾਂ ਹੇਠ ਜੇਲ੍ਹਾਂ ਵਿੱਚ ਸੁੱਟ ਦਿੰਦੇ ਹਨ। ਇਜ਼ਰਾਈਲ ਦੇ ਬਣਨ ਤੋਂ ਇਹ ਸਿਲਸਿਲਾ ਲਗਾਤਾਰ ਚਲਦਾ ਆ ਰਿਹਾ ਹੈ। ਫਲਸਤੀਨੀਆਂ ਨੂੰ ਉਜਾੜ ਕੇ ਉਨ੍ਹਾਂ ਦੀ ਜ਼ਮੀਨ 'ਤੇ ਇਜ਼ਰਾਈਲ ਰਾਜ ਦੀ ਸਥਾਪਨਾ 1948 ਵਿੱਚ ਕੀਤੀ ਗਈ ਸੀ। ਉਸ ਸਮੇਂ ਲੱਗਭੱਗ 7 ਲੱਖ ਫਲਸਤੀਨੀ ਸ਼ਰਨਾਰਥੀ ਬਣ ਕੇ ਅਲੱਗ-ਅਲੱਗ ਖੇਤਰਾਂ ਵਿੱਚ ਮਜਬੂਰਨ ਵਸੇ ਸਨ। ਇਹ ਨੂੰ ਫਲਸਤੀਨੀ ਲੋਕ ਨਕਬਾ (ਮਹਾਂ ਵਿਨਾਸ਼) ਦੇ ਤੌਰ 'ਤੇ ਪੁਕਾਰਦੇ ਹਨ ਜਾਂ ਨਾਂਅ ਦਿੰਦੇ ਹਨ। (ਜਦੋਂ ਇਹ ਸਮੱਸਿਆ ਬਾਰੇ ਹੋਰ ਵਿਸਥਾਰ ਦੇਵਾਂਗੇ ਤਾਂ ਨਕਬਾ ਸ਼ਬਦ ਆਵੇਗਾ) ਉਦੋਂ ਤੋਂ ਹੀ ਫਲਸਤੀਨੀ ਲੋਕ ਆਪਣੇ ਲਈ ਇੱਕ ਆਜ਼ਾਦ ਦੇਸ਼ ਦੀ ਹੈਸੀਅਤ ਬਣਾਉਣ ਦੀ ਲੜਾਈ ਲੜ ਰਹੇ ਹਨ। ਪਹਿਲਾਂ ਫਲਸਤੀਨੀ ਲੋਕਾਂ ਦੇ ਮੁਕਤੀ ਸੰਘਰਸ਼ ਨੂੰ ਅਰਬ ਦੇਸ਼ਾਂ ਦੀ ਹਮਾਇਤ ਹਾਸਲ ਹੈ। ਇਸੇ ਦੇ ਚਲਦਿਆਂ ਕਈ ਅਰਬ-ਇਜ਼ਰਾਈਲ ਯੁੱਧ ਹੋਏ ਹਨ। ਇਨ੍ਹਾਂ ਜੰਗਾਂ ਵਿੱਚ ਅਮਰੀਕੀ ਸਾਮਰਾਜਵਾਦ ਇਜ਼ਰਾਈਲ ਦੀ ਪਿੱਠ ਉੱਤੇ ਖਲੋਤਾ ਹੁੰਦਾ ਹੈ। ਇਨ੍ਹਾਂ ਜੰਗਾਂ ਪਿੱਛੋਂ ਇਜ਼ਰਾਈਲ ਨੇ ਨਾ ਸਿਰਫ਼ ਫਲਸਤੀਨੀ ਹੋਰ ਇਲਾਕਿਆਂ ਉੱਤੇ ਕਬਜ਼ਾ ਕੀਤਾ, ਸਗੋਂ ਮਿਸਰ, ਸੀਰੀਆ ਅਤੇ ਲਿਬਨਾਨ ਦੇ ਕੁਝ ਇਲਾਕਿਆਂ ਉਤੇ ਵੀ ਕਬਜ਼ਾ ਕਰ ਲਿਆ। ਇਸ ਤੋਂ ਪਿੱਛੋਂ ਅਰਬ ਦੇਸ਼ਾਂ ਦੇ ਹਾਕਮ ਫਲਸਤੀਨੀ ਲੋਕਾਂ ਦੇ ਮੁਕਤੀ ਸੰਘਰਸ਼ ਦੀ ਸਿੱਧੀ ਹਮਾਇਤ ਕਰਨ ਤੋਂ ਪਿੱਛੇ ਹਟਦੇ ਗਏ। ਦਰਅਸਲ ਅਮਰੀਕਾ ਨੇ ਇਸ ਖੇਤਰ ਵਿੱਚ ਇਜ਼ਰਾਈਲ ਹਕੂਮਤ ਨੂੰ ਇੱਕ ਵਿਗੜੇ ਹੋਏ ਜਾਬਰ ਥਾਣੇਦਾਰ ਵਾਂਗੂ ਪਾਲਿਆ ਹੋਇਆ ਹੈ। ਇਸ ਦੇ ਬਾਵਜੂਦ ਜਬਰ ਆਪਣੀ ਇੰਤਹਾ ਤੱਕ ਪਹੁੰਚਦਾ ਰਿਹਾ। ਫਲਸਤੀਨੀ ਲੋਕ ਆਪਣੇ ਮੁਕਤੀ ਸੰਘਰਸ਼ ਤੋਂ ਪਿੱਛੇ ਨਹੀਂ ਹਟੇ। ਇਨ੍ਹਾਂ ਸੰਘਰਸ਼ਾਂ ਦਾ ਸਿੱਟਾ ਹੀ ਸੀ ਕਿ 1993 ਵਿੱਚ ਓਸਲੋ ਸਮਝੌਤਾ ਹੋਇਆ, ਜਿਸ ਤਹਿਤ ਫਲਸਤੀਨੀਆਂ ਨੂੰ ਕੁਝ ਅਧਿਕਾਰ ਹਾਸਲ ਹੋਏ। ਪਹਿਲੀ ਵਾਰ ਇਜ਼ਰਾਈਲ ਨੇ ਫਲਸਤੀਨੀਆਂ ਨੂੰ ਇੱਕ ਪ੍ਰਤੀਨਿਧ ਦੇ ਰੂਪ ਵਿੱਚ ਸਵੀਕਾਰ ਕੀਤਾ। ਫਲਸਤੀਨੀ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਨੇ ਹਥਿਆਰਬੰਦ ਗਤੀਵਿਧੀਆਂ ਬੰਦ ਕੀਤੀਆਂ। ਦੋਹਾਂ ਵਿੱਚ ਇਹ ਸਹਿਮਤੀ ਬਣੀ ਕਿ ਇੱਕ ਫਲਸਤੀਨੀ ਰਾਜ ਦੀ ਸਥਾਪਨਾ ਹੋਵੇਗੀ ਅਤੇ ਪੰਜ ਸਾਲਾਂ ਦੇ ਦੌਰਾਨ ਵੈੱਸਟ ਬੈਂਕ ਅਤੇ ਗਾਜ਼ਾ ਪੱਟੀ ਵਿੱਚ ਹਕੂਮਤ ਦੀਆਂ ਜ਼ਿੰਮੇਵਾਰੀਆਂ ਫਲਸਤੀਨੀ ਖੁਦ ਸੰਭਾਲਣਗੇ, ਪਰ ਇਹ ਰਾਜ ਦੀ ਹੋਂਦ ਵੀ ਪੂਰੀ ਤਰ੍ਹਾਂ ਇਜ਼ਰਾਈਲ ਦੇ ਰਹਿਮੋ-ਕਰਮ ਉਤੇ ਹੀ ਟਿਕੀ ਹੋਈ ਸੀ। ਇਸ ਓਸਲੋ ਸਮਝੌਤੇ ਨੂੰ ਹਮਾਸ ਨੇ ਕਦੇ ਵੀ ਸਵੀਕਾਰ ਨਹੀਂ ਕੀਤਾ। ਫਲਸਤੀਨੀ ਲੋਕਾਂ ਦੇ ਵੱਡੇ ਹਿੱਸੇ ਨੂੰ ਇਹਦੇ ਲਾਗੂ ਹੋਣ ਉੱਤੇ ਸ਼ੱਕ ਸੀ।

ਫਲਸਤੀਨੀ ਲੋਕਾਂ ਦੇ ਮੁਕਤੀ ਸੰਘਰਸ਼ ਨੂੰ ਇਸਲਾਮਿਕ ਕੱਟੜਪੰਥ ਦੇ ਵੱਲ ਮੋੜਨ ਦਾ ਕੰਮ ਹਮਾਸ ਨੇ ਕੀਤਾ। 1987 ਵਿੱਚ ਪਹਿਲੇ ਇੰਤਫਾਦਾ ਦੇ ਸਮੇਂ ਪੈਦਾ ਹੋਏ ਇਸ ਸੰਗਠਨ ਦਾ ਉਸ ਸਮੇਂ ਲੋਕ ਆਧਾਰ ਨਾ-ਮਾਤਰ ਹੀ ਸੀ, ਪਰ ਫਲਸਤੀਨੀ ਮੁਕਤੀ ਸੰਗਠਨ ਵੱਲੋਂ ਸੰਘਰਸ਼ ਤੋਂ ਮੂੰਹ ਮੋੜਨ, ਫਲਸਤੀਨੀ ਅਥਾਰਟੀ ਵਿੱਚ ਭ੍ਰਿਸ਼ਟਾਚਾਰ ਆਦਿ ਨੇ ਹਮਾਸ ਦੇ ਲੋਕ ਆਧਾਰ ਨੂੰ ਵਧਾਉਣ ਵਿੱਚ ਭੂਮਿਕਾ ਨਿਭਾਈ, ਕਿਉਂਕਿ ਫਲਸਤੀਨੀ ਲੋਕਾਂ ਦੀ ਮੁਕਤੀ ਦੀਆਂ ਖਾਹਿਸ਼ਾਂ ਕਦੇ ਖ਼ਤਮ ਨਹੀਂ ਹੋਈਆਂ। ਫਲਸਤੀਨੀ ਲੋਕਾਂ ਦੀ ਮੁਕਤੀ ਸੰਘਰਸ਼ ਨੂੰ ਭਟਕਾਉਣ ਦੇ ਇੱਕ ਹਥਿਆਰ ਦੇ ਵਜੋਂ ਹਮਾਸ ਨੂੰ ਅੱਗੇ ਵਧਾਉਣ ਵਿੱਚ ਇਜ਼ਾਰਾਈਲੀ ਅਮਰੀਕੀ ਹਾਕਮ ਵੀ ਪਰਦੇ ਦੇ ਪਿੱਛੇ ਸਰਗਰਮ ਰਹੇ। 2007 ਵਿੱਚ ਇਹ ਸੰਗਠਨ ਗਾਜ਼ਾ ਪੱਟੀ ਵਿੱਚ ਹੁਕਮਰਾਨ ਸੀ। ਇਜ਼ਰਾਈਲੀ ਹਕੂਮਤ ਵੱਲੋਂ ਫਲਸਤੀਨੀ ਇਲਾਕੇ ਹੜੱਪਣ ਦੀਆਂ ਦਹਿਸ਼ਤਗਰਦ ਕਾਰਵਾਈਆਂ ਕੋਸ਼ਿਸ਼ਾਂ ਦੇ ਜਵਾਬ ਵਿੱਚ ਹਮਾਸ ਉਦੋਂ ਤੱਕ ਇਜ਼ਰਾਈਲ ਉਤੇ ਰਾਕੇਟ, ਮਿਜ਼ਾਈਲਾਂ ਦਾਗ਼ ਦੇ ਢੁਕਵੇਂ ਜੁਆਬ ਦਿੰਦਾ ਰਿਹਾ ਹੈ। ਜਿਹਦੀ ਵਰਤੋਂ ਕਰਕੇ ਇਜ਼ਰਾਈਲੀ ਹਾਕਮ ਗਾਜ਼ਾ ਪੱਟੀ ਉੱਤੇ ਹੋਰ ਵੱਡੇ ਹਮਲੇ ਕਰਦੇ ਰਹੇ ਹਨ ਅਤੇ ਆਪਣੇ ਇਨ੍ਹਾਂ ਹਮਲਿਆਂ ਨੂੰ ਆਤਮ ਰੱਖਿਆ ਕਰਨ ਦੇ ਪਾਖੰਡ ਹੇਠ ਛੁਪਾਉਂਦੇ ਰਹੇ ਹਨ।ਹਰ ਗੁਲਾਮ ਕੌਮ ਜਾਂ ਜਬਰ ਦਾ ਸ਼ਿਕਾਰ ਕੌਮ ਜਾਂ ਲੋਕ, ਜਾਬਰ ਹਾਕਮ ਜਾਂ ਦਬਾਉਣ ਵਾਲੀ ਤਾਕਤ ਦੇ ਵਿਰੁੱਧ ਸੰਘਰਸ਼ ਕਰਨ ਦਾ ਸੁਭਾਵਕ ਹੱਕ ਰੱਖਦੇ ਹਨ। ਇਹ ਸਿਰਫ਼ ਅਧਿਕਾਰ ਹੀ ਨਹੀਂ, ਸਗੋਂ ਇੱਕ ਫ਼ਰਜ਼ ਵੀ ਹੈ। ਫਲਸਤੀਨ ਦੇ ਗਾਜ਼ਾ ਪੱਟੀ ਇਲਾਕੇ ਨੂੰ 2007 ਤੋਂ ਇਜ਼ਰਾਈਲ ਨੇ ਖੁੱਲ੍ਹੀ ਜੇਲ੍ਹ ਵਿੱਚ ਤਬਦੀਲ ਕੀਤਾ ਹੋਇਆ ਹੈ। ਗਾਜ਼ਾ ਪੱਟੀ 41 ਕਿਲੋਮੀਟਰ ਲੰਮਾ ਅਤੇ 10 ਕਿਲੋਮੀਟਰ ਚੌੜਾ ਖੇਤਰ ਹੈ। ਇੱਥੋਂ ਦੀ ਆਬਾਦੀ 23 ਲੱਖ ਹੈ। ਇਸ ਦੇ ਆਲੇ-ਦੁਆਲੇ ਇਜ਼ਰਾਈਲੀ ਜਾਬਰਾਂ ਦਾ ਪਹਿਰਾ ਹੈ। ਦੁਨੀਆ ਦੀ ਸਭ ਤੋਂ ਸੰਘਣੀ ਅਬਾਦੀ ਵਾਲਾ ਇਹੋ ਇਲਾਕਾ ਹੈ। ਲੋਕ ਭਿਆਨਕ ਗਰੀਬੀ 'ਚ ਰਹਿੰਦੇ ਹਨ। ਲੱਗਭੱਗ 60 ਫ਼ੀਸਦੀ ਨੌਜਵਾਨਾਂ ਕੋਲ ਕੋਈ ਰੋਜ਼ਗਾਰ ਨਹੀਂ। ਤੇਲ, ਪਾਣੀ, ਬਿਜਲੀ, ਦਵਾਈਆਂ ਤੇ ਅਨਾਜ ਤੇ ਹੋਰ ਮਨੁੱਖੀ ਲੋੜਾਂ ਲਈ ਇਨ੍ਹਾਂ ਨੂੰ ਇਜ਼ਰਾਈਲ ਦੇ ਰਹਿਮ ਉਤੇ ਹੀ ਨਿਰਭਰ ਰਹਿਣਾ ਪੈਂਦਾ ਹੈ। ਇਸ ਖੇਤਰ ਨੂੰ ਕੋਈ ਰਾਹ ਨਹੀਂ। 23 ਲੱਖ ਫਲਸਤੀਨੀ ਲੋਕਾਂ ਦੇ ਚੁਫੇਰੇ ਇਜ਼ਰਾਈਲੀ ਬਘਿਆੜਾਂ ਦਾ ਪਹਿਰਾ ਹੈ।

ਹਮਾਸ ਦੇ ਇਸ ਹਮਲੇ ਪਿੱਛੋਂ ਵੀ ਇਹੋ ਹੋਇਆ ਕਿ ਇਜ਼ਰਾਈਲ ਨੇ ਬਿਜਲੀ, ਪਾਣੀ, ਖੁਰਾਕ, ਦਵਾਈਆਂ ਆਦਿ ਦੀ ਸਪਲਾਈ ਮੁਕੰਮਲ ਤੌਰ 'ਤੇ ਬੰਦ ਕਰ ਦਿੱਤੀ। ਹਾਲਾਤ ਪਹਿਲਾਂ ਹੀ ਬਦਤਰ ਸਨ। ਹਸਪਤਾਲਾਂ ਵਿੱਚ ਦਵਾਈਆਂ ਨਹੀਂ ਸਨ। ਇਜ਼ਰਾਈਲੀ ਹਾਕਮ ਦੀ ਦਰਿੰਦਗੀ ਇਹ ਕਿ 23 ਲੱਖ ਲੋਕਾਂ ਨੂੰ ਨਾ ਸਿਰਫ਼ ਬੰਬਾਂ, ਮਿਜ਼ਾਈਲਾਂ ਦਾ ਨਿਸ਼ਾਨਾ ਬਣਾਇਆ ਗਿਆ, ਸਗੋਂ ਜਿਊਂਦੇ, ਭੁੱਖੇ-ਤਿਹਾਏ ਮਾਰਨ ਦਾ ਵੀ ਐਲਾਨ ਕਰ ਦਿੱਤਾ। ਇਜ਼ਰਾਈਲੀ ਬੰਬਾਰੀ ਨਾਲ ਜ਼ਖ਼ਮੀਆਂ ਦੇ ਇਲਾਜ ਤੱਕ ਮੁਸ਼ਕਲਾਂ ਪੈਦਾ ਹੋ ਗਈਆਂ। ਇਹ ਦੋ ਅਸਾਵੀਆਂ ਤਾਕਤਾਂ ਵਿਚਕਾਰ ਯੁੱਧ ਹੈ। ਇੱਕ ਪਾਸੇ ਦੈਂਤ ਰੂਪ ਅਮਰੀਕੀ ਸਾਮਰਾਜ ਦਾ ਪਾਲਿਆ-ਪਰੋਸਿਆ ਤੇ ਸ਼ਹਿ ਪ੍ਰਾਪਤ ਇਜ਼ਰਾਈਲ, ਜਿਹਦਾ ਜਾਬਰੀ ਚਿਹਰਾ ਦੁਨੀਆ ਭਰ ਵਿੱਚ ਬੇਪੜਦ ਹੈ, ਦੂਸਰੇ ਸਿਰਫ਼ 23 ਲੱਖ ਜਹਾਲਤ ਵਿੱਚ ਜਿਊਂਦੇ ਲੋਕ। ਇੱਕ ਪਾਸੇ ਅਤਿ-ਆਧੁਨਿਕ ਫੌਜ ਤੇ ਦੂਸਰੇ ਪਾਸੇ ਮੁੱਠੀ ਭਰ ਲੋਕ ਮਲੀਸ਼ੀਆ ਸਮੁੱਚੇ ਪੱਛਮੀ ਏਸ਼ੀਆ ਦੇ ਇਲਾਕੇ ਵਿੱਚ ਆਧੁਨਿਕ ਤੇ ਤਾਕਤਵਰ ਫੌਜ ਇਜ਼ਰਾਈਲ ਦੀ ਹੀ ਮੰਨੀ ਜਾਂਦੀ ਹੈ। ਯਾਦ ਰਹੇ ਭਾਰਤੀ ਫੌਜ ਤੇ ਪੁਲਸ ਨੂੰ ਵੀ ਆਧੁਨਿਕ ਟਰੇਨਿੰਗ ਦੇਣ ਵਿੱਚ ਇਜ਼ਰਾਈਲੀ ਫ਼ੌਜੀ ਮਾਹਰ ਸਮੇਂ-ਸਮੇਂ ਸਿਰ ਭਾਰਤੀ ਹੁਕਮਰਾਨ ਸੱਦਦੇ ਰਹੇ ਹਨ ਤੇ ਉਥੇ ਵੀ ਭੇਜਦੇ ਰਹੇ ਹਨ।

ਦੂਸਰੇ ਪਾਸੇ ਅਤਿ ਪਿਛਾਖੜੀ ਯਹੂਦੀ ਨਸਲਵਾਦੀ ਸੱਤਾ ਹੈ; ਜਿਹੜੀ ਫਲਸਤੀਨੀ ਲੋਕਾਂ ਨੂੰ ਦੋ ਲੱਤਾਂ ਵਾਲਾ ਜਾਨਵਰ ਹੀ ਸਮਝਦੀ ਹੈ। ਜਿਹੜੀ ਲਗਾਤਾਰ ਉਨ੍ਹਾਂ ਦੇ ਨੌਜਵਾਨਾਂ ਦਾ ਕਤਲ ਕਰਦੀ ਆ ਰਹੀ ਹੈ, ਜੇਲ੍ਹਾਂ ਵਿੱਚ ਸੁੱਟ ਕੇ ਤਸੀਹੇ ਦਿੰਦੀ ਤੇ ਅਪਾਹਜ ਅਤੇ ਵਿਕਲਾਂਗ ਕਰਨ ਤੋਂ ਗੁਰੇਜ਼ ਨਹੀਂ ਕਰਦੀ, ਇਹ ਜਾਬਰ ਹੈ, ਬੇਕਿਰਕ ਹੈ ਅਤੇ ਮਾਨਵਤਾ ਵਿਰੋਧੀ ਪਸ਼ੂ ਬਿਰਤੀ ਵਾਲੀ ਹੈ, ਜਿਸ ਦੇ ਵਿਰੁੱਧ ਦੱਬੇ-ਕੁਚਲੇ ਫਲਸਤੀਨੀਆਂ ਦਾ ਸੰਘਰਸ਼ ਨਿਆਂਪੂਰਕ ਸੰਘਰਸ਼ ਹੈ।

ਹਮਾਸ ਵੱਲੋਂ ਇਜ਼ਰਾਈਲ ਉਤੇ ਕੀਤਾ ਗਿਆ ਹਮਲਾ ਬੇਸ਼ੱਕ ਅੱਤਵਾਦੀ ਢੰਗ-ਤਰੀਕਿਆਂ ਨਾਲ ਲੈਸ ਸੀ ਅਤੇ ਜਿਸ ਦਾ ਸ਼ਿਕਾਰ ਨਿਰਦੋਸ਼ ਇਜ਼ਰਾਈਲੀ ਲੋਕ ਵੀ ਹੋਏ, ਪਰ ਫੇਰ ਵੀ ਇਹ ਦਹਾਕਿਆਂ ਤੋਂ ਕੁਚਲੀ ਜਾ ਰਹੀ ਫਲਸਤੀਨੀ ਜਨਤਾ ਵੱਲੋਂ ਆਪਣੀ ਮੁਕਤੀ ਲਈ ਨਵੀਂ ਜੰਗ ਦਾ ਐਲਾਨ ਸੀ ਤੇ ਹੈ। ਫਲਸਤੀਨੀ ਲੋਕਾਂ ਦੀ ਇਹ ਜੰਗ ਨਿਆਂ-ਪੂਰਵਕ ਜੰਗ ਹੈ। ਉਧਰ ਜਦੋਂ ਹੀ ਹਮਾਸ ਨੇ 7 ਅਕਤੂਬਰ ਦਾ ਹਮਲਾ ਕੀਤਾ ਤਾਂ ਅਮਰੀਕੀ ਸਾਮਰਾਜਵਾਦੀਆ ਨੇ ਇਹਨੂੰ 'ਅੱਤਵਾਦੀ' ਕਾਰਵਾਈ ਕਿਹਾ ਅਤੇ ਐਲਾਨ ਕੀਤਾ ਕਿ ਇਜ਼ਰਾਈਲ ਨੂੰ ਆਪਣੀ ਸੁਰੱਖਿਆ ਕਰਨ ਦਾ ਅਧਿਕਾਰ ਹੈ। ਅਮਰੀਕਾ ਨੇ ਤਾਂ ਇਜ਼ਰਾਈਲ ਦੀ ਹਮਲਾਵਰ ਫੌਜ ਦੀ ਮਦਦ ਲਈ ਹਥਿਆਰ, ਗੋਲਾ-ਬਾਰੂਦ ਆਪਣੇ ਸਭ ਤੋਂ ਆਧੁਨਿਕ ਐਫ-35 ਬੰਬ ਵਰ੍ਹਾਉਣ ਵਾਲੇ ਹਵਾਈ ਜਹਾਜ਼ ਭੇਜ ਦਿੱਤੇ। ਅਮਰੀਕਾ ਦੀ ਸੁਰ ਨਾਲ ਸੁਰ ਮਿਲਾਉਂਦਿਆਂ ਯੂਰਪੀਨ ਸੰਘ ਨੇ ਵੀ ਹਮਾਸ ਦੇ ਹਮਲਿਆਂ ਦੀ ਇਨ੍ਹਾਂ ਸ਼ਬਦਾਂ ਵਿੱਚ ਹੀ ਨਿੰਦਾ ਕੀਤੀ। ਪਿੱਛੇ ਭਾਰਤੀ ਹੁਕਮਰਾਨ ਵੀ ਨਾ ਰਹੇ।

ਜਿਵੇਂ ਜ਼ਿਕਰ ਕੀਤਾ ਸੀ ਕਿ ਅਰਬ ਦੇਸ਼ਾਂ ਦੇ ਹਾਕਮਾਂ ਨੇ ਬੇਸ਼ੱਕ ਫਲਸਤੀਨੀ ਲੋਕਾਂ ਦੇ ਸੰਘਰਸ਼ ਤੋਂ ਮੂੰਹ ਮੋੜ ਲਿਆ ਸੀ ਅਤੇ ਕਈ ਹਾਕਮਾਂ ਨੇ ਇਜ਼ਰਾਈਲ ਨਾਲ ਸੰਬੰਧ ਵੀ ਬਣਾ ਲਏ ਸਨ, ਪਰ ਅਰਬ ਦੇਸ਼ਾਂ ਦੇ ਲੋਕ ਫਲਸਤੀਨੀ ਮੁਕਤੀ ਸੰਘਰਸ਼ ਦੇ ਪੱਖ ਵਿੱਚ ਹੀ ਰਹੇ ਹਨ ਅਤੇ ਅੱਜ ਵੀ ਹਨ। ਅਰਬ ਦੇਸ਼ਾਂ ਦੇ ਲੋਕਾਂ ਦੇ ਦਬਾਅ ਹੇਠ ਹੀ ਅਰਬ ਦੇਸ਼ਾਂ ਦੇ ਹਾਕਮਾਂ ਨੂੰ ਫਲਸਤੀਨੀ ਆਜ਼ਾਦ ਰਾਜ ਦੇ ਹੱਕ ਵਿੱਚ ਸਮੇਂ-ਸਮੇਂ ਕਹਿਣਾ ਪੈਂਦਾ ਰਿਹਾ ਹੈ।

(● ਬਾਕੀ ਸਫ਼ਾ 6 'ਤੇ)

